ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ੍ਰੇਣੀਆਂ ਦੀ ਭਲਾਈ ਕਮੇਟੀ (ਸਰਦਾਰ ਹਰਪ੍ਰੀਤ ਸਿੰਘ) : ੍ਰੀਮਾਨ ਜੀ, ਮੈਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ੍ਰੇਣੀਆਂ ਦੀ ਭਲਾਈ ਲਈ ਰਾਜ ਦੀਆਂ ਸੇਵਾਵਾਂ ਵਿੱਚ 85ਵੀਂ ਸੋਧਨਾ ਇੰਨਬਿੰਨ ਲਾਗੂ ਕਰਨ ਬਾਰੇ, ਪ੍ਰੂ ਪਾਲਣ ਵਿਭਾਗ ਵਿੱਚ ਪਲੇਸਮੈਂਟ ਬੰਦ ਕਰਨ ਸਬੰਧੀ, ਐਡਵੋਕੇਟ ਜਨਰਲ ਦੇ ਦਫਤਰ ਵਿੱਚ ਰਿ ਰਵੇ ਨ ਲਾਗੂ ਕਰਨ ਬਾਰੇ ਅਤੇ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਟੀਚਿੰਗ ਸਟਾਫ ਵਿੱਚ ਰਿ ਰਵੇ ਨ ਲਾਗੂ ਕਰਨ ਸਬੰਧੀ ਸਾਲ 2●12-13 ਦੀ 39ਵੀਂ ਰਿਪੋਰਟ ਸਦਨ ਵਿਚ ਪੇ ਕਰਦਾ ਹਾਂ।

GENERAL DISCUSSION ON THE BUDGET ESTIMATES FOR THE YEAR 2013-2014

ਮਾਨਯੋਗ ਸਪੀਕਰ : ਧੰਨਵਾਦ। ਹੁਣ ਬਜਟ ਤੇ ਆਮ ਬਹਿਸ ਹੋਵੇਗੀ। ਡਾਕਟਰ ਦਲਜੀਤ ਸਿੰਘ ਚੀਮਾ ਜੀ ਬਹਿਸ ਸ਼ੁਰੂ ਕਰਨਗੇ।

ਡਾਕਟਰ ਦਲਜੀਤ ਸਿੰਘ ਚੀਮਾ (ਰੂਪ ਨਗਰ) : ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਜਿਹੜੀਆਂ ਬਜਟ ਤਜਵੀ ਾਂ ਸਾਡੇ ਨੌਜਵਾਨ ਅਤੇ ਮਿਹਨਤੀ ਮਾਨਯੋਗ ਵਿੱਤ ਮੰਤਰੀ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਨੇ ਇਸ ਪਵਿੱਤਰ ਸਦਨ ਵਿੱਚ ਪੇ ਕੀਤੀਆਂ ਸਨ, ਉਨ੍ਹਾਂ ਉੱਪਰ ਬੋਲਣ ਦਾ ਤੁਸੀਂ ਮੈ ਸਮਾਂ ਦਿੱਤਾ ਹੈ। ਵੈਸੇ ਤਾਂ ਇਸ ਅ ੀਮ ਸਦਨ ਦੀ ਇਹ ਹਮੇ ਾ ਰਵਾਇਤ ਰਹੀ ਹੈ ਕਿ ਜਦੋਂ ਵੀ ਬਜਟ ਪੇ ਕੀਤਾ ਜਾਂਦਾ ਹੈ ਪਹਿਲਾਂ ਵਿਰੋਧੀ ਧਿਰ ਹੱਕ ਦਿੱਤਾ ਜਾਂਦਾ ਹੈ ਕਿ ਉਹ ਬਜਟ ਤਜਵੀ ਾਂ ਤੇ ਜੋ ਕੁਝ ਕਹਿਣਾ ਚਾਹੁੰਦੇ ਹਨ, ਉਹ ਖੁੱਲ ਕੇ ਕਹਿਣ। ਉਸ ਤੋਂ ਬਾਅਦ ਸਰਕਾਰ ਦੀ ਤਰਫੋਂ ਜਿਸ ਕਿਸੇ ਨੇ ਵੀ ਆਪਣੇ ਵਿਚਾਰ ਰੱਖਣੇ ਹੁੰਦੇ ਹਨ, ਉਨ੍ਹਾਂ ਸਮਾਂ ਦਿੱਤਾ ਜਾਂਦਾ ਹੈ ਲੇਕਿਨ ਮੈ ਅਫਸੋਸ ਹੈ ਕਿ ਸਾਡੇ ਵਿਰੋਧੀ ਧਿਰ ਦੇ ਆਗੂ ਸਾਹਿਬਾਨ ਆਪਣੀ ਇਸ ਿ਼ਮੇਵਾਰੀ ਜਿਹੜੀ ਮੈਂ ਸਮਝਦਾ ਹੈ ਕਿ ਸਭ ਤੋਂ ਵੱਡੀ ਿ਼ਮੇਵਾਰੀ ਹੈ, ਉਸ ਨਿਭਾਉਣ ਵਿੱਚ ਅੱਜ ਬੁਰੀ ਤਰ੍ਹਾਂ ਨਾਲ ਫੇਲ੍ਹ ਹੋਏ ਹਨ।

ਮਾਨਯੋਗ ਸਪੀਕਰ ਸਾਹਿਬ, ਇਹ ਜਿਹੜੇ ਫਰਵਰੀ-ਮਾਰਚ ਦੇ ਮਹੀਨੇ ਹੁੰਦੇ ਹਨ,

ਇਸ ਵਿੱਚ ਕਈ ਬਜਟ ਸਾਡੇ ਸਾਹਮਣੇ ਆਉਂਦੇ ਹਨ। ਪਿਛਲੇ ਦਿਨੀਂ ਰੇਲਵੇ ਦਾ ਬਜਟ ਕੇਂਦਰ ਸਰਕਾਰ ਨੇ ਪੇ ਕੀਤਾ ਸੀ, ਸਾਨੂੰ ਇਸ ਵਾਰੀ ਬਹੁਤ ਮਾਣ ਸੀ ਕਿ ਰੇਲਵੇ ਮਨਿਸਟਰ ਪੰਜਾਬ ਨਾਲ ਸੰਬੰਧ ਰੱਖਦੇ ਹਨ ਅਤੇ ਕੇਂਦਰ ਵਿੱਚ ਇਹ ਰਵਾਇਤ ਰਹੀ ਹੈ ਕਿ ਰੇਲ ਮੰਤਰੀ ਜਿਹੜੇ ਸੂਬੇ ਨਾਲ ਸਬੰਧ ਰੱਖਦਾ ਹੈ, ਸਾਰਾ ਮਹਿਕਮਾ ਉਸ ਤਰਫ ਚੱਲ ਪੈਂਦਾ ਹੈ। ਅਸੀਂ ਕਿਸੇ ਦਾ ਹੱਕ ਨਹੀਂ ਮਾਰਨਾ ਚਾਹੁੰਦੇ ਪਰ ਸਾ ਆਸ ਸੀ। ਸਾਡੇ ਸਾਹਮਣੇ ਬੈਂਚਾਂ ਵਾਲੇ ਵੀਰਾਂ ਨੇ ਦਾਅਵੇ ਵੀ ਬਹੁਤ ਕੀਤੇ ਸੀ, ਬਹੁਤ ਸਮਾਂ ਪਹਿਲਾਂ ਵੱਡੀਆਂ ਵੱਡੀਆਂ ਅਨਾਊਂਸਮੈਂਟਾਂ ਵੀ ਹੋਈਆਂ ਕਿ ਜੇ ਪੰਜਾਬ ਸਰਕਾਰ ਜਗ੍ਹਾ ਦੇਵੇ ਤਾਂ ਰੇਲ ਕੋਚ ਫੈਕਟਰੀ ਪੰਜਾਬ ਵਿੱਚ ਲੱਗ ਸਕਦੀ ਹੈ। ਮੁੱਖ ਮੰਤਰੀ ਸਾਹਿਬ ਨੇ ਉਸ ਵੇਲੇ ਵੀ ਕਿਹਾ ਸੀ ਕਿ ਜਗ੍ਹਾ ਤਾਂ ਅਸੀਂ ਜਿੰਨੀ ਕਹਿਣਗੇ, ਉਹ ਦੇ ਦੇਵਾਂਗੇ। ਸਾਡੇ ਹੁ ਆਰਪੁਰ ਵਾਲੇ ਵੀਰ ਐਮ.ਐਲ.ਏ. ਸਾਹਿਬਾਨ ਇੱਥੇ ਬੈਠੇ ਹਨ। ਉਨ੍ਹਾਂ ਨੇ ਵੀ ਕਿਹਾ ਸੀ ਕਿ ਅਸੀਂ ਜਗ੍ਹਾ ਦਿੰਦੇ ਹਾਂ ਪਰ ਸਾ ਅਫਸੋਸ ਹੈ ਕਿ ਜਿਹੜਾ ਉਹ ਮੌਕਾ ਸੀ, ਜਿਹੜਾ ਸਾਡੇ ਪੰਜਾਬ ਦੇ ਲੋਕਾਂ ਤੇ ਨੌਜਵਾਨਾਂ ਦੇ ਰੁ ਗਾਰ ਨਾਲ ਜੁੜਿਆ ਹੋਇਆ ਸੀ, ਸਾ ਉਸ ਤੋਂ ਵਾਂਝਾ ਕਰ ਦਿੱਤਾ ਗਿਆ ਅਤੇ ਸਾ ਉਹ ਹਾਸਲ ਨਹੀਂ ਹੋ ਸਕਿਆ। ਚਲੋ, ਜੇ ਉਹ ਗੱਲ ਨਹੀਂ ਹੋਈ ਤੇ ਸਾ ਆਸ ਸੀ ਕਿ ਸਾਡੀ ਪੰਜਾਬ ਦੀ ਇੰਡਸਟਰੀ ਜਿਹੜੀ ਬੜੇ ਔਖੇ ਸਮੇਂ ਵਿੱਚੋਂ ਲੰਘ ਰਹੀ ਹੈ ਕਿਉਂਕਿ ਗੁਆਂਢੀ ਸੂਬਿਆਂ ਰਿਆਇਤਾਂ ਦਿੱਤੀਆਂ ਹੋਈਆਂ ਹਨ। ਸਾਡੇ ਪੰਜਾਬ ਦਾ ਪੁਰਾਣਾ ਮੁੱਦਾ ਕਿ ਇਕੁਲਾਈ ਨ ਹੋਣੀ ਚਾਹੀਦੀ ਹੈ, ਉਹ ਮੁੱਦਾ ਾਇਦ ਇਸ ਬਜਟ ਵਿੱਚ ਹੱਲ ਹੋ ਜਾਵੇ ਪਰ ਉਥੇ ਵੀ ਸਾ ਨਿਰਾਸਤਾ ਹੋਈ ਹੈ। ਤੀਸਰੀ ਵੱਡੀ ਗਲਤੀ ਇਹ ਕੀਤੀ ਕਿ ਡੈਡੀਕੇਟਿਡ ਫਰੇਟ ਕਾਰੀਡੋਰ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ ਐਕਸਟੈਂਡ ਕਰਨ ਵਾਸਤੇ ਅਪੀਲ ਕੀਤੀ ਸੀ ਤਾਂ ਕਿ ਸਾਡੀ ਪੰਜਾਬ ਦੀ ਇੰਡਸਟਰੀ ਅਤੇ ਸਾਡਾ ਵਪਾਰੀ ਦੇ ਦੇ ਬਾਕੀ ਹਿੱਸਿਆਂ ਨਾਲ ਕੰਪੀਟ ਕਰ ਸਕੇ, ਲੇਕਿਨ ਮੈ ਇਸ ਗੱਲ ਦਾ ਵੀ ਅਫਸੋਸ ਹੈ ਕਿ ਸਾਡੀ ਉਹ ਮੰਗ ਵੀ ਪੂਰੀ ਨਹੀਂ ਹੋਈ। ਸੋ, ਮੈ ਕੋਈ ਬਦ ਨਹੀਂ ਮਿਲਦੇ ਜਿਨ੍ਹਾਂ ਨਾਲ ਮੈਂ ਕੇਂਦਰੀ ਰੇਲ ਮੰਤਰੀ ਅਤੇ ਪ੍ਰਧਾਨ ਮੰਤਰੀ ਜੋ ਕਿ ਸਾਡੇ ਪੰਜਾਬ ਦੇ ਹੀ ਹਨ, ਉਨ੍ਹਾਂ   ਉਲਾਂਭਾ ਦੇਵਾਂ ਕਿ ਇੱਕ ਬਹੁਤ ਵੱਡਾ ਮੌਕਾ ਸੀ ਜੋ ਸਾਡੇ ਤੋਂ ਖੋਹ ਲਿਆ ਗਿਆ ਹੈ। ਦੋ-ਚਾਰ ਗੱਡੀਆਂ ਉਨ੍ਹਾਂ ਰੂਰ ਚਲਾਈਆਂ, ਪ੍ਰਚਾਰ ਉਨ੍ਹਾਂ ਦਾ ਬਹੁਤ ਕੀਤਾ ਪਰ ਅਸਲੀ ਬੁਨਿਆਦੀ ਮੁੱਦੇ ਜਿਹੜੀ ਪੰਜਾਬ ਦੀ ਆਰਥਿਕਤਾ ਨਾਲ ਜੁੜੇ ਹੋਏ ਸਨ, ਉਨ੍ਹਾਂ ਵਿੱਚੋਂ ਕੋਈ ਮੁੱਦਾ ਹੱਲ ਕਰਵਾਉਣ ਵਿੱਚ ਕਾਮਯਾਬ ਨਹੀਂ ਹੋਏ । ਇਸ ਕਰਕੇ ਉਸ ਬਜਟ ਤੋਂ ਪੰਜਾਬੀਆਂ   ਭਾਰੀ ਨਿਰਾਸਤਾ ਹੋਈ।

ਦੂਸਰਾ ਬਜਟ ਸਾਡੇ ਦੇ ਦੇ ਵਿੱਤ ਮੰਤਰੀ ਸਾਹਿਬ ਨੇ ਪੇ ਕੀਤਾ। ਸੂਬਿਆਂ ਦਾ ਇਸ ਨਾਲ ਬਹੁਤ ਕੁਝ ਜੁੜਿਆ ਹੁੰਦਾ ਹੈ, ਲੇਕਿਨ ਮੈਂ ਕਹਿ ਸਕਦਾ ਹਾਂ ਕਿ ਉਹ ਬਜਟ ਵੀ ਨਿਰਾ ਾਜਨਕ ਸੀ। ਖਾਸ ਤੌਰ ਤੇ ਜੋ ਮੈਂ ਮਹਿੰਗਾਈ ਦੀ ਗੱਲ ਕਰਾਂ ਤਾਂ ਉਹ ਬਜਟ ਮਹਿੰਗਾਈ ਨੂੰ ਵਧਾਉਣ ਵਾਲਾ ਸੀ। ਉਸ ਵਿੱਚ ਜਿਹੜੀ ਵੱਡੀ ਨਿਰਾਸਤਾ ਹੋਈ, ਉਹ ਸਾਡੇ ਲੱਖਾਂ ਦੀ ਗਿਣਤੀ ਵਿੱਚ ਮੁਲਾ ਮਾਂ   ਹੋਈ ਹੈ ਕਿਉਂਕਿ ਪੇ ਸਕੇਲ ਵੱਧ ਗਏ ਸਨ, ਉਨ੍ਹਾਂ   ਬਹੁਤ

[ਡਾਕਟਰ ਦਲਜੀਤ ਸਿੰਘ ਚੀਮਾ]

ਵੱਡੀ ਆਸ ਹੁੰਦੀ ਹੈ ਕਿ ਜਿਹੜੀ ਇਨਕਮ ਟੈਕਸ ਵਿੱਚ ਰਿਬੇਟ ਹੈ, ਉਹ ਉਨ੍ਹਾਂ ਨੂੰ ਰੂਰ ਮਿਲੇਗੀ ਕਿਉਂਕਿ ਪੇ ਸਕੇਲ ਵਧੇ ਤੇ ਇਸ ਕਰਕੇ ਇਨਕਮ ਟੈਕਸ ਵਧਿਆ ਪਰ ਅਜਿਹਾ ਨਹੀਂ ਹੋਇਆ।

ਇਸ ਤੋਂ ਬਾਅਦ ਡੀ ਲ ਤੇ ਪੈਟਰੋਲ ਦੀਆਂ ਕੀਮਤਾਂ ਵਧੀਆਂ। ਫਿਰ ਰਸੋਈ ਗੈਸ ਦੀ ਕੀਮਤ ਵਧੀ। ਮੁਲਾ ਮ ਵਾਸਤੇ ਆਪਣੇ ਘਰੇਲੂ ਬਜਟ ਇਨ੍ਹਾਂ ਹਾਲਾਤਾਂ ਵਿੱਚ ਮੇਨਟੇਨ ਕਰਕੇ ਰੱਖਣਾ ਬਹੁਤ ਔਖਾ ਕੰਮ ਹੁੰਦਾ ਹੈ। ਅੱਜ ਔਸਤਨ 15●●/- ਰੁਪਏ ਇੱਕ ਮੁਲਾ ਮ ਦਾ ਪੈਟਰੋਲ ਦਾ ਖਰਚਾ ਵੱਧ ਗਿਆ ਹੈ ਅਤੇ 5●●/- ਰੁਪਏ ਹਰ ਘਰ ਦਾ ਗੈਸ ਦਾ ਖਰਚਾ ਵੱਧ ਗਿਆ ਹੈ। ਇਸ ਤਰ੍ਹਾਂ ਕੇਂਦਰ ਸਰਕਾਰ ਦੇ ਫੈਸਲਿਆਂ ਕਰਕੇ 24●●● ਕਰੋੜ ਰੁਪਏ ਦਾ ਉਸ ਦੇ ਬਜਟ ਤੇ ਅਸਰ ਪਿਆ ਹੈ। ਪੇ ਕਮਿ ਨ ਦੀ ਰਿਪੋਰਟ ਲਾਗੂ ਹੋਣ ਕਾਰਨ ਇਨਕਮ ਟੈਕਸ ਦਾ ਬੋਝ ਪਿਆ। ਨਿਰਾਸਤਾ ਇਸ ਗੱਲ ਦੀ ਸੀ ਕਿ ਇੱਕ ਸਾਲ ਵਿੱਚ 2●●● ਰੁਪਏ ਦੀ ਉੱਕਾ-ਪੁੱਕਾ ਰਿਬੇਟ ਦੇ ਕੇ ਇੰਨਾ ਭਾਰੀ ਬੋਝ ਜਿਹੜਾ ਹੈ, ਉਹ ਮੁਲਾ ਮ ਵਰਗ ਤੇ ਪਾ ਦਿੱਤਾ ਗਿਆ। ਉਸ ਕਰਕੇ ਉਸ ਬਜਟ ਵਿੱਚ ਵੀ ਵੱਡੀ ਨਿਰਾਸਤਾ ਸਾ ਹੋਈ।

ਸਪੀਕਰ ਸਾਹਿਬ, ਪੰਜਾਬ ਖੇਤੀ ਨਾਲ ਜੁੜਿਆ ਸੂਬਾ ਹੈ। ਸਾਡੀ ਆਰਥਿਕਤਾ ਖੇਤੀ ਤੇ ਅਧਾਰਤ ਹੈ। ਸਾ ਕੇਂਦਰੀ ਬਜਟ ਤੋਂ ਵੱਡੀ ਆਸ ਸੀ ਕਿਉਂਕਿ ਮੁੱਖ ਮੰਤਰੀ ਸਾਹਿਬ ਨੇ ਬੜੀ ਦਲੀਲ ਨਾਲ ਕੇਂਦਰ ਸਰਕਾਰ ਕੋਲ ਪੰਜਾਬ ਦਾ ਕੇਸ ਪੇ ਕੀਤਾ ਸੀ ਕਿ ਪੰਜਾਬ ਦੀ ਕਿਸਾਨੀ ਬਚਾਉਣ ਵਾਸਤੇ, ਪੰਜਾਬ ਦੀ ਮੀਨ ਦੀ ਫਰਟਿਲਟੀ ਜੋ ਘੱਟ ਗਈ ਹੈ, ਉਸ ਨੂੰ ਬਚਾਉਣ ਵਾਸਤੇ, ਪੰਜਾਬ ਦਾ ਮੀਨੀ ਪਾਣੀ ਜਿਹੜਾ ਥੱਲੇ ਜਾ ਰਿਹਾ ਹੈ, ਉਸ ਨੂੰ ਬਚਾਉਣ ਵਾਸਤੇ ਅਤੇ ਕਿਸਾਨੀ ਨੂੰ ਡਾਈਵਰਸੀਫਿਕੇ ਨ ਵੱਲ ਲਿਜਾਉਣ ਵਾਸਤੇ ਵੱਡਾ ਪੈਕੇਜ ਪੰਜਾਬ ਮਿਲੇ ਲੇਕਿਨ ਮੈ ਅਫਸੋਸ ਹੈ ਕਿ ਸਿਰਫ 5●● ਕਰੋੜ ਰੁਪਏ ਦਾ ਗਨ ਪੰਜਾਬ ਪਾ ਦਿੱਤਾ ਗਿਆ। ਉਥੇ ਵੀ ਬਹੁਤ ਬੁਰੀ ਤਰ੍ਹਾਂ ਨਾਲ ਕੇਂਦਰੀ ਬਜਟ ਵਿੱਚ ਸਾ ਨਿਰਾ ਹੋਣਾ ਪਿਆ। ਹਾਲਾਂਕਿ ਹੁਣ ਸਿਸਟਮ ਕੁੱਝ ਇਸ ਤਰ੍ਹਾਂ ਦਾ ਬਣ ਗਿਆ ਹੈ ਕਿ ਕੇਂਦਰੀ ਬਜਟ ਵੇਲੇ ਤਾਂ ਸਾ ਮਾਰ ਪੈਂਦੀ ਹੀ ਪੈਂਦੀ ਹੈ, ਪਰ ਬਜਟ ਪੇ ਹੋਣ ਤੋਂ ਪਹਿਲਾਂ ਵੀ ਮਾਰ ਪਾ ਦਿੱਤੀ ਜਾਂਦੀ ਹੈ। ਡੀ ਲ ਕੰਟਰੋਲ ਦਾ ਵੱਖਰਾ ਸਿਸਟਮ ਕਰ ਦਿੱਤਾ ਗਿਆ ਹੈ, ਉਸ ਵਿੱਚ ਵੱਖਰੀ ਮਾਰ ਪੈਂਦੀ ਹੈ। ਆਪਾਂ ਦੇਖਦੇ ਹਾਂ ਕਿ ਰੋ ਾਨਾ ਹੀ ਰੇਟ ਵੱਧ ਜਾਂਦੇ ਹਨ। ਉੱਪਰ ਸਬਸਿਡੀ ਵਾਸਤੇ ਪਾਲਿਸੀ ਚੇਂਜ ਹੋ ਗਈ ਹੈ ਜਿਸ ਕਾਰਨ 4●●/- ਰੁਪਏ ਤੋਂ ਵੱਧ ਕੇ ਯੂਰੀਆ 12●●/- ਰੁਪਏ ਤੱਕ ਪਹੁੰਚ ਗਿਆ ਹੈ। ਅਜਿਹਾ ਖਰਚਾ ਜਿਹੜਾ ਰੋ ਮੱਰਾ ਨਾਲ ਜੁੜਿਆ ਹੋਇਆ ਹੈ। ਸਾਰਾ ਸਾਲ ਹੀ ਸਾਨੂੰ ਲੱਗਦਾ ਰਹਿੰਦਾ ਹੈ ਅਤੇ ਇਹ ਸਾਡੇ ਸੂਬੇ ਦੀ ਆਰਥਿਕਤਾ, ਸਾਡੀ ਕਿਸਾਨੀ ਦੀ ਆਰਥਿਕਤਾ ਅਤੇ ਵਪਾਰੀਆਂ ਤੇ ਮੁਲਾ ਮਾਂ ਦੀ ਆਰਥਿਕਤਾ ਨੂੰ ਇਫੈਕਟ ਕਰਦਾ ਰਹਿੰਦਾ ਹੈ। ਇਸ ਕਰਕੇ ਇਨ੍ਹਾਂ ਬਜਟਾਂ ਕਰਕੇ ਸਾਨੂੰ ਬਹੁਤ ਵੱਡੀ ਨਿਰਾਸਤਾ

ਹੋਈ ਹੈ। ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਸਰਦਾਰ ਸੁਖਬੀਰ ਸਿੰਘ ਜੀ ਬਾਦਲ, ਉਪ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ, ਇਸ ਦੇ ਨਾਲ ਹੀ ਬਹੁਤ ਧੰਨਵਾਦ ਸਾਡੇ ਵਿੱਤ ਮੰਤਰੀ ਸਾਹਿਬ ਦਾ, ਜਿਨ੍ਹਾਂ ਨੇ ਅਜਿਹਾ ਪੰਜਾਬ ਦਾ ਬਜਟ ਪੇ ਕੀਤਾ ਹੈ, ਇਹ ਪਹਿਲਾ ਬਜਟ ਹੈ ਜਿਸ ਤੋਂ ਲੋਕਾਂ ਨੂੰ ਬਹੁਤ ਵੱਡੀ ਆਸ ਬੱਝੀ ਹੈ।

ਮੈਂ ਕਹਿ ਸਕਦਾ ਹਾਂ ਕਿ ਇਹ ਬਜਟ ਇੱਕ ਵਿਕਾਸ ਮੁਖੀ ਬਜਟ ਹੈ, ਪੀਪਲ ਫਰੈਂਡਲੀ ਬਜਟ ਹੈ ਅਤੇ ਗਰੀਬਾਂ ਦੀ ਮਦਦ ਕਰਨ ਵਾਲਾ ਬਜਟ ਹੈ। ਸਭ ਤੋਂ ਪਹਿਲਾਂ, ਮਾਨਯੋਗ ਸਪੀਕਰ ਸਾਹਿਬ, ਜਿਹੜਾ ਬਜਟ ਡਾਕੂਮੈਂਟ ਹੈ, ਇਸ ਦੀ ਵੱਡੀ ਅਹਿਮੀਅਤ ਸਮਝਣ ਦੀ ਲੋੜ ਹੈ ਕਿ ਬਜਟ ਹੈ ਕੀ? ਜਦੋਂ ਕੋਈ ਵੀ ਕੰਮ_ਰੂ ਕਰਨਾ ਹੋਵੇ, ਭਾਵੇਂ ਵਿਆਹ ਕਰਨਾ ਹੋਵੇ ਅਗਰ ਅਸੀਂ ਕਿਸੇ ਨਾਲ ਸਲਾਹ ਕਰਦੇ ਹਾਂ ਤਾਂ ਅਗਲਾ ਪੁੱਛਦਾ ਹੈ ਕਿ ਪਹਿਲਾਂ ਦੱਸ ਤੇਰਾ ਬਜਟ ਕਿੰਨਾ ਹੈ? ਜੇ ਤੁਸੀਂ ਗੱਡੀ ਖਰੀਦਣੀ ਹੈ, ਕਿਸੇ ਡੀਲਰ ਨਾਲ ਗੱਲ ਕਰੋ ਤਾਂ ਉਹ ਪਹਿਲਾ ਕੁਐਸਚਨ ਪੁੱਛਦਾ ਹੈ ਕਿ ਬਜਟ ਕਿੰਨਾ ਹੈ, ਫਿਰ ਉਸ ਮੁਤਾਬਿਕ ਰਾਏ ਦਿੰਦੇ ਹਾਂ। ਮੈਨੂੰ ਖੁ ੀ ਹੈ ਕਿ ਜਿਹੜਾ ਸਾਡੇ ਸੂਬੇ ਦਾ ਬਜਟ ਹੈ, ਇਹ ਇਸ ਵੇਲੇ 69,●52 ਕਰੋੜ ਰੁਪਏ ਤੇ ਪਹੁੰਚ ਗਿਆ ਹੈ, ਜਿਸ ਵਾਸਤੇ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਅਤੇ ਵਿੱਤ ਮੰਤਰੀ ਜੀ ਨੂੰ ਵਧਾਈ ਪੇ ਕਰਦਾ ਹਾਂ। ਸਾਡੇ ਸਾਹਮਣੇ ਬੈਠਣ ਵਾਲੇ ਵੀਰਾਂ ਨੇ ਵੀ ਪੰਜਾਬ ਤੇ ਰਾਜ ਕੀਤਾ ਹੈ ਪਰ ਉਹ ਇਸ ਦੇ ਅੱਧ ਤੱਕ ਵੀ ਕਦੇ ਪਹੁੰਚ ਨਹੀਂ ਸਕੇ। ਜਦੋਂ ਬਜਟ ਹੀ ਮਸਾਂ ਉਨਾ ਕੁ ਸੀ ਤਾਂ ਉਸ ਵਿੱਚੋਂ ਪੰਜਾਬ ਦਾ ਕੀ ਬਣਨਾ ਸੀ, ਇਹ ਆਪਾਂ ਸਾਰੇ ਹੀ ਸਮਝ ਸਕਦੇ ਹਾਂ। ਵੱਡੀ ਖੁ ੀ ਦੀ ਗੱਲ ਹੈ ਕਿ ਜਿਹੜੀ 11ਵੀਂ ਪਲਾਨ ਹੈ ਇਸ ਵਿੱਚ ਸਾਡਾ ਗਰੋਥ ਰੇਟ 6.73 % ਰਿਹਾ ਹੈ, ਜਿਹੜਾ ਕਿ ਬਜਟ ਵਾਸਤੇ ਸਭ ਤੋਂ ਅਹਿਮ ਹੈ। ਜਿਹੜੀ ਨੈ ਨਲ ਗਰੋਥ ਰੇਟ ਹੈ, ਉਸ ਤੋਂ ਇਹ 5-6% ਉਪਰ ਹੈ। ਮੈਨੂੰ ਯਾਦ ਹੈ ਜਦੋਂ ਪੰਜਾਬ ਦੀ ਕਾਂਗਰਸ ਦੀ ਸਰਕਾਰ ਸੀ ਤਾਂ ਉਦੋਂ ਨੈ ਨਲ ਗਰੋਥ ਰੇਟ 2% ਵੱਧ ਸੀ ਅਤੇ ਸਾਡੀ ਸਟੇਟ ਦਾ ਜਿਹੜਾ ਗਰੋਥ ਰੇਟ ਸੀ ਉਹ ਉਸ ਨਾਲੋਂ 2% ਘੱਟ ਸੀ। ਸਾਡਾ ਸੂਬਾ ਖੇਤੀ ਤੇ ਆਧਾਰਿਤ ਹੈ ਅਤੇ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਸਾਰੀ ਦੁਨੀਆਂ ਵਿੱਚ ਐਗਰੀਕਲਚਰ ਦੇ ਖੇਤਰ ਵਿੱਚ ਸਲੋਅ ਗਰੋਥ ਹੋਈ ਹੈ। ਮੈਂ ਪਿਛਲੀ ਵਾਰੀ ਗਵਰਨਰ ਐਡਰੈਸ ਤੇ ਅੰਕੜੇ ਵੀ ਪੇ ਕੀਤੇ ਸੀ ਕਿ ਪਿਛਲੇ ਦੋ ਦਹਾਕਿਆਂ ਵਿੱਚ ਜੇ ਨੈ ਨਲ ਗਰੋਥ ਰੇਟ 5-6% ਜਾਂ 6-7% ਰਹੀ ਹੈ ਤਾਂ ਐਗਰੀਕਲਚਰ ਗਰੋਥ ਰੇਟ ਬਾਕੀ ਦੇ ਾਂ ਵਿੱਚ ਵੀ ਅਤੇ ਸਾਡੇ ਦੇ ਵਿੱਚ ਵੀ ਉਸ ਤੋਂ ਤਕਰੀਬਨ ਅੱਧੀ ਰਹੀ ਹੈ, ਲੇਕਿਨ ਫਿਰ ਵੀ 11ਵੀਂ ਪਲਾਨ ਵਿੱਚ 6.73% ਗਰੋਥ ਹੋਣਾ ਮੈਂ ਸਮਝਦਾ ਹਾਂ ਕਿ ਸਾਡੇ ਸੂਬੇ ਦੀ ਵੱਡੀ ਪ੍ਰਾਪਤੀ ਹੈ। ਮਾਨਯੋਗ ਸਪੀਕਰ ਸਾਹਿਬ, ਵੱਡੀ ਖੁ ੀ ਦੀ ਗੱਲ ਹੈ ਕਿ ਜਿਹੜੀ ਸਾਡੇ ਸੂਬੇ ਦੀ ਆਪਣੇ ਟੈਕਸਾਂ ਤੋਂ ਆਮਦਨ ਹੈ, ਉਹ 2●1●-11 ਵਿੱਚ 16,828 ਕਰੋੜ ਰੁਪਏ ਸੀ ਪਰ ਮੈਨੂੰ ਖੁ ੀ ਹੈ ਕਿ ਜਿਹੜੇ 2●12-13 ਦੇ ਰਿਵਾਈ ਡ ਐਸਟੀਮੇਟਸ ਜੋ ਇਸ ਬਜਟ ਵਿੱਚ ਪੇ ਕੀਤੇ ਗਏ ਹਨ, ਉਨ੍ਹਾਂ ਦੇ ਮੁਤਾਬਿਕ ਇਹ ਵੱਧ ਕੇ 24,318 ਕਰੋੜ ਰੁਪਏ ਹੋ ਗਈ ਹੈ ਔਰ ਇਕੱਲੇ ਵੈਟ ਦੀ ਇਨਕਮ 2●,●●● ਕਰੋੜ ਰੁਪਏ

[ਡਾਕਟਰ ਦਲਜੀਤ ਸਿੰਘ ਚੀਮਾ]

ਤੋਂ ਉਤੇ ਪਹੁੰਚ ਗਈ ਹੈ। ਇਸ ਵਾਸਤੇ ਮੈਂ ਉਚੇਚੇ ਤੌਰ ਤੇ ਮਾਨਯੋਗ ਡਿਪਟੀ ਮੁੱਖ ਮੰਤਰੀ ਸਾਹਿਬ, ਜਿਨ੍ਹਾਂ ਕੋਲ ਇਹ ਮਹਿਕਮਾ ਹੈ, ਉਨ੍ਹਾਂ ਮੁਬਾਰਕਬਾਦ ਪੇ ਕਰਦਾ ਹਾਂ ਕਿ ਥੋੜ੍ਹੇ ਸਮੇਂ ਵਿੱਚ ਇਹ ਬਹੁਤ ਵੱਡੀ ਪ੍ਰਾਪਤੀ ਹੈ। ਵੈਟ ਦੀ ਇਨਕਮ 2●,●●● ਕਰੋੜ ਰੁਪਏ ਤੇ ਲੈ ਕੇ ਜਾਣਾ ਬਹੁਤ ਵੱਡਾ ਚੈਲੇਂਜ ਸੀ ਔਰ ਇਸ ਦੇ ਵਿੱਚ ਬਹੁਤ ਵੱਡੀ ਕਾਮਯਾਬੀ ਹੋਈ ਹੈ। ਇੱਕ ਜਿਹੜੀ ਖੁ ੀ ਇਸ ਬਜਟ ਨੇ ਦਿੱਤੀ ਹੈ, ਉਹ ਇਹ ਹੈ ਕਿ ਅਜਿਹਾ ਪਹਿਲੀ ਵਾਰੀ ਹੋਇਆ ਹੈ, ਅਸੀਂ ਸਾਰੇ ਕਹਿੰਦੇ ਹਾਂ ਕਿ ਬੱਚੇ ਦੇ ਦਾ ਭਵਿੱਖ ਹੁੰਦੇ ਹਨ, ਇਸ ਲਈ ਬੱਚਿਆਂ ਉਨ੍ਹਾਂ ਦੀਆਂ ਰੋ ਮਰ੍ਹਾ ਦੀਆਂ ਚੀ ਾਂ ਸਸਤੇ ਰੇਟ ਤੇ ਮਿਲਣ, ਇਹ ਪੰਜਾਬ ਦੇ ਬਜਟ ਵਿੱਚ ਪਹਿਲੀ ਵਾਰੀ ਹੋਇਆ ਹੈ। ਛੋਟੇ ਬੱਚਿਆਂ ਉਨ੍ਹਾਂ ਦੀ ਦੁੱਧ ਪੀਣ ਵਾਲੀ ਬੋਤਲ ਤੋਂ ਲੈ ਕੇ, ਪਾਣੀ ਦੀ ਬੋਤਲ, ਸਕੂਲ ਦਾ ਬਸਤਾ, ਸਟੇ ਨਰੀ ਦੀਆਂ ਚੀ ਾਂ ਜਿੰਨੀਆਂ ਵੀ ਉਨ੍ਹਾਂ ਚਾਹੀਦੀਆਂ ਸੀ, ਉਨ੍ਹਾਂ ਤੇ ਸਰਕਾਰ ਨੇ ਵੈਟ ਮੁਆਫ ਕੀਤਾ ਹੈ। ਮੈਂ ਇਸ ਵਾਸਤੇ ਵਿੱਤ ਮੰਤਰੀ ਜੀ ਅਤੇ ਮੁੱਖ ਮੰਤਰੀ ਜੀ ਵਧਾਈ ਪੇ ਕਰਦਾ ਹਾਂ। ਇਕੱਲੇ ਬੱਚਿਆਂ ਦਾ ਹੀ ਧਿਆਨ ਨਹੀਂ ਰੱਖਿਆ, ਉਨ੍ਹਾਂ ਦੀਆਂ ਮਾਵਾਂ ਦਾ ਵੀ ਇਸ ਬਜਟ ਵਿੱਚ ਧਿਆਨ ਰੱਖਿਆ ਗਿਆ ਹੈ। ਘਰੇਲੂ ਵਸਤਾਂ ਜਿਹੜੀਆਂ ਹਨ ਉਹ ਅੱਜ ਇੰਨੀਆਂ ਮਹਿੰਗੀਆਂ ਹੋ ਗਈਆਂ ਹਨ ਕਿ ਲ ਡੀ ਵਾਸਤੇ ਚੁਲ੍ਹਾ-ਚੌਂਕਾ ਚਲਾਉਣਾ ਬਹੁਤ ਮੁ ਕਲ ਹੋ ਗਿਆ ਹੈ। ਚਕਲੇ-ਵੇਲਣੇ ਤੋਂ ਲੈ ਕੇ ਮਧਾਣੀ, ਝਾੜੂ ਤੱਕ ਔਰ ਕਲਿੱਪ ਕੰਘੀ ਤੱਕ, ਹਰ ਚੀ ਜਿਹੜੀ ਔਰਤ ਦੀ ਵਰਤੋਂ ਵਿੱਚ ਆਉਂਦੀ ਹੈ, ਚਾਹੇ ਉਹ ਚੁਲ੍ਹੇ-ਚੌਂਕੇ ਵਿੱਚ ਵਰਤੀ ਜਾਂਦੀ ਹੈ ਜਾਂ ਨਿੱਜੀ ਵਰਤੋਂ ਦੀ ਹੈ, ਉਨ੍ਹਾਂ ਤੇ ਵੈਟ ਖਤਮ ਕਰਕੇ ਸਰਕਾਰ ਨੇ ਇੱਕ ਲਾਘਾਯੋਗ ਕੰਮ ਕੀਤਾ ਹੈ। ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਤੀਸਰੀ ਕੈਟੇਗਰੀ ਜਿਸ ਵੱਲ ਵੱਧ ਧਿਆਨ ਦੇਣ ਦੀ ਲੋੜ ਹੈ, ਉਹ ਹੈ ਸੀਨੀਅਰ ਸਿਟੀਜਨ , ਬੁ ਰਗ। ਉਨ੍ਹਾਂ ਨੂੰ ਸਭ ਤੋਂ ਪਹਿਲਾਂ ਡੰਗੋਰੀ ਦੀ ਲੋੜ ਪੈਂਦੀ ਹੈ, ਉਸ ਤੇ ਵੈਟ ਖਤਮ ਕੀਤਾ ਹੈ। ਫਿਰ ਉਨ੍ਹਾਂ ਨੂੰ ਉੱਚਾ ਸੁਣਨਾ_ਰੂ ਹੋ ਜਾਂਦਾ ਹੈ। ਜਿਸ ਵਾਸਤੇ ਹੀਅਰਿੰਗ ਏਡ ਚਾਹੀਦੀ ਹੈ, ਉਸ ਉੱਪਰ ਵੈਟ ਖਤਮ ਕੀਤਾ ਹੈ। ਅੱਖਾਂ ਵਿੱਚ ਮੋਤੀਆ ਉਤਰ ਆਵੇ ਤਾਂ ਅੱਖਾਂ ਦਾ ਆਪਰੇ ਨ ਕਰਵਾਉਣਾ ਪੈਂਦਾ ਹੈ ਜਾਂ ਫੇਰ ਅੱਖਾਂ ਵਿਚ ਲੈਨ ਪੁਆਉਣੇ ਹਨ ਤਾਂ ਉਹ ਕਾਫੀ ਕੀਮਤੀ ਹੁੰਦੇ ਹਨ ਉਨ੍ਹਾਂ ਉਤੇ ਵੀ ਇਸ ਸਰਕਾਰ ਨੇ ਵੈਟ ਖਤਮ ਕੀਤਾ ਹੈ। ਸੋ, ਮੈਂ ਪਹਿਲੀ ਵਾਰੀ ਅਜਿਹਾ ਬਜਟ ਵੇਖਿਆ ਹੈ ਜਿਸ ਤੋਂ ਬੱਚੇ ਵੀ ਖੁ ਹਨ, ਮਾਵਾਂ ਵੀ ਖੁ ਹਨ ਅਤੇ ਬਾਪੂ ਵੀ ਖੁ ਹੈ। ਇਸ ਸਰਕਾਰ ਨੇ ਪਿਛਲੀ ਵਾਰੀ ਪੇਅ ਕਮਿ ਨ ਦੀ ਰਿਪੋਰਟ ਲਾਗੂ ਕਰਕੇ ਮੁਲਾ ਮਾਂ ਵੀ ਖੁ ਕੀਤਾ ਹੈ। ਸੋ, ਜਿਹੜੀਆਂ ਰਿਆਇਤਾਂ ਇਨ੍ਹਾਂ ਨੇ ਦਿੱਤੀਆਂ ਹਨ ਉਸ ਵਾਸਤੇ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਮੈਂ ਉਚੇਚੇ ਤੌਰ ਤੇ ਇਹ ਵੀ ਧੰਨਵਾਦ ਕਰਦਾ ਹਾਂ ਕਿ ਜਿਹੜਾ ਸਿਗਰਟ ਅਤੇ ਤੰਬਾਕੂ ਉਤੇ ਵੈਟ ਵਧਾਇਆ ਹੈ ਭਾਵੇਂ ਇਸ ਨਾਲ ਰ ਟ ਵਧਿਆ ਹੈ ਪਰ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਮਨੁੱਖਤਾ ਦੇ ਭਲੇ ਦੀ ਗੱਲ ਹੈ। ਇਕ ਸੰਦੇ ਦਿੱਤਾ ਹੈ ਉਨ੍ਹਾਂ ਲੋਕਾਂ ਜਿਹੜੇ

ਸਿਗਰਟ ਅਤੇ ਤੰਬਾਕੂ ਪੀ ਕੇ ਆਪਣੀ ਸਿਹਤ ਖਰਾਬ ਕਰਦੇ ਹਨ। ਵੈਸੇ ਤਾਂ ਸਿਗਰੇਟ ਦੇ ਪੈਕ ਟ ਤੇ ਵੀ ਲਿਖਿਆ ਹੁੰਦਾ ਹੈ ਕਿ Cigarette is injurious to health ਪਰ ਜਿਹੜਾ ਸਾਡੇ ਵਿੱਤ ਮੰਤਰੀ ਸਾਹਿਬ ਨੇ ਸੰਦੇ ਦਿੱਤਾ ਹੈ ਉਹ ਇਹ ਹੈ ਕਿ ਸਿਗਰਟ ਜਿਹੜੀ ਹੈ It affects not only your physical well being but also affects your economic health. ਇਸ ਦੇ ਨਾਲ ਮੈਂ ਸਮਝਦਾ ਹਾਂ ਕਿ ਇਕ ਵਧੀਆ ਲੈਸਨ, ਇੱਕ ਚੰਗਾ ਸੰਦੇ ਪੰਜਾਬ ਵਿਚ ਚਾਹੇ ਉਹ ਚੇਨ ਸਮੋਕਰ ਹਨ ਜਾਂ ਤੰਬਾਕੂ ਯੂ ਕਰਨ ਵਾਲੇ ਹਨ, ਉਨ੍ਹਾਂ ਜਾਵੇਗਾ। ਇਸ ਦੇ ਨਾਲ ਲੰਗ ਕੈਂਸਰ ਵਰਗੀਆਂ Bronchial Carcinoma ਵਰਗੇ ਇੰਸੀਡੈਂਟ ਵੀ ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਘਟਣਗੇ। ਇਹ ਇਕ ਚੰਗਾ ਸਟੈਪ ਸਰਕਾਰ ਨੇ ਲਿਆ ਹੈ। ਇਸ ਦੇ ਨਾਲ ਹੀ ਬੜਾ ਸੋਚ ਸਮਝ ਕੇ ਸਾਫਟ ਡਰਿੰਕ ਉਤੇ ਟੈਕਸ ਲਗਾਇਆ ਹੈ, ਇਹ ਵੀ ਲੋਕਾਂ ਦੀ ਸਿਹਤ ਸੁਧਾਰਨ ਵਾਸਤੇ ਇਕ ਚੰਗਾ ਕਦਮ ਹੈ। ਜਦੋਂ ਅਸੀਂ ਕਿਸੇ ਦੇ ਘਰ ਜਾਂਦੇ ਹਾਂ ਤਾਂ ਅਗਲਾ ਸਾ ਗਿਲਾਸ ਭਰ ਕੇ ਫੜ੍ਹਾ ਦਿੰਦਾ ਹੈ। ਆਪਾਂ ਸੋਚਦੇ ਹਾਂ ਕਿ ਇਸ ਅੱਧਾ ਕਿਵੇਂ ਕੀਤਾ ਜਾਵੇ ਕਿਉਂਕਿ ਇਹ ਬਹੁਤ ਫੂ ਲ ਹੁੰਦਾ ਹੈ। ਹੌਲੀ ਹੌਲੀ ਲੋਕਾਂ ਚੰਗੇ ਪਾਸੇ, ਨਿੰਬੂ ਪਾਣੀ ਵਾਲੇ ਪਾਸੇ ਤੋਰਿਆ ਹੈ, ਅੱਜ ਤਾਂ ਲੋਕ ਆਮ ਘਰਾਂ ਵਿੱਚ ਨਿੰਬੂ ਬੀਜਣ ਲੱਗ ਗਏ ਹਨ। ਨਿੰਬੂ ਨਿਚੋੜਣੀ ਵੈਟ ਫਰੀ ਕਰਕੇ ਇੱਕ ਚੰਗੀ ਸਿੱਖਿਆ ਬਜਟ ਦੇ ਵਿਚ ਵਿੱਤ ਮੰਤਰੀ ਸਾਹਿਬ ਨੇ ਦਿੱਤੀ ਹੈ, ਇਸ ਵਾਸਤੇ ਵੀ ਮੈਂ ਉਨ੍ਹਾਂ ਵਧਾਈ ਦਿੰਦਾ ਹਾਂ।

ਮਾਨਯੋਗ ਸਪੀਕਰ ਸਾਹਿਬ, ਮੈ ਇਸ ਗੱਲ ਵਾਸਤੇ ਖੁ ੀ ਹੈ ਕਿ ਜਿਹੜੇ ਫਿਸਕਲ ਪੈਰਾਮੀਟਰ ਸਾ 13ਵੇਂ ਫਾਈਨਾਂਸ ਕਮਿ ਨ ਨੇ ਦਿੱਤੇ ਸਨ, ਉਨਾਂ ਵੀ ਬਹੁਤ ਚੰਗੇ ਤਰੀਕੇ ਨਾਲ ਸਰਕਾਰ ਮੈਨਟੇਨ ਕਰਨ ਵਿਚ ਕਾਮਯਾਬ ਹੋਈ ਹੈ। ਸਾਡਾ ਸਾਲ 2●11-12 ਵਿਚ ਫਿਸਕਲ ਡੈਫੀਸਿਟ 8491 ਕਰੋੜ ਸੀ ਤੇ ਸਾ ਫਾਈਨਾਂਸ ਕਮਿ ਨ ਨੇ 3.5% ਦਾ ਟਾਰਗੈਟ ਦਿੱਤਾ ਸੀ ਔਰ ਇਹ ਬਿਲਕੁਲ ਉਸ ਦੇ ਵਿੱਚ ਹੀ ਰਿਹਾ ਹੈ ਜਿਹੜਾ ਕਿ 3.28% ਹੈ। ਇਸੇ ਤਰ੍ਹਾਂ 2●12-13 ਦੇ ਰਿਵਾਈ ਡ ਐਸਟੀਮੇਟ ਵਿੱਚ ਇਹ ਫਿਸਕਲ ਡੈਫੀਸਿਟ ਵੱਧ ਕੇ 9395 ਕਰੋੜ ਹੋ ਗਿਆ ਸੀ ਭਾਵੇਂ ਕਿ 3.17% ਤੇ ਇਹ ਵੀ ਜਿਹੜਾ ਸਾ ਟਾਰਗੈਟ ਵਿੱਤ ਕਮਿ ਨ ਨੇ ਦਿੱਤਾ ਸੀ, ਉਸ ਦੇ ਵਿਚ ਹੀ ਹੈ। ਮੈਂ ਸਮਝਦਾ ਹਾਂ ਇਹ ਸਾਡੇ ਸੂਬੇ ਵਾਸਤੇ ਬਹੁਤ ਅੱਛਾ ਹੈ। ਸਾਲ 2●13-14 ਦਾ ਜਿਹੜਾ ਬਜਟ ਐਸਟੀਮੇਟ ਹੈ ਇਸ ਦੇ ਵਿਚ ਇਹ 9258 ਕਰੋੜ ਤੇ ਪਹੁੰਚੇਗਾ। ਸਾਡਾ 3% ਦਾ ਟਾਰਗੈਟ ਹੈ ਜੋ ਵਿੱਤ ਕਮਿ ਨ ਦੇ ਦਿੱਤੇ 3% ਦੇ ਟਾਰਗੈਟ ਬਰਾਬਰ ਹੀ ਹੈ। ਮੈਂ ਸਮਝਦਾ ਹਾਂ ਕਿ ਇਹ ਸਾਡੇ ਸੂਬੇ ਵਾਸਤੇ ਬਹੁਤ ਅੱਛਾ ਹੈ।

ਸਪੀਕਰ ਸਾਹਿਬ, ਮੈਂ ਨਾਲ ਦੀ ਨਾਲ ਇਹ ਵੀ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਸਾਹਮਣੇ ਬੈਠਦੇ ਵੀਰ ਆਪਣਾ ਬਜਟ ਕੱਲ੍ਹ ਬਾਹਰ ਪੇ ਕਰਕੇ ਹਟੇ ਹਨ। ਵੈਸੇ ਤਾਂ ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੈ ਪਰਸੋਂ ਇਨ੍ਹਾਂ ਦੀ

[ਡਾਕਟਰ ਦਲਜੀਤ ਸਿੰਘ ਚੀਮਾ]

ਇਕ ਸੀਨੀਅਰ ਲੀਡਰ ਮਿਲ ਗਈ ਸੀ ਤੇ ਮੈਂ ਕਿਹਾ ਕਿ ਹੁਣ ਤੁਹਾ ਅੰਦਰ ਆਉਣਾ ਚਾਹੀਦਾ ਹੈ ਪਰ ਉਹ ਕਹਿਣ ਲੱਗੇ ਕਿ ਨਹੀਂ, ਹੁਣ ਅਸੀਂ ਤੁਹਾਡੇ ਬਰਾਬਰ ਕੱਲ੍ਹ ਬਾਹਰ ਬਜਟ ਪੇ ਕਰਨਾ ਹੈ ਤੇ ਟੈਕਸ ਫਰੀ ਬਜਟ ਪੇ ਕਰਨਾ ਹੈ। ਮੈਂ ਉਨ੍ਹਾਂ ਕਿਹਾ ਕਿ ਤੁਸੀਂ ਇਸ ਅਸੈਂਬਲੀ ਦੀ ਮਰਿਆਦਾ ਭੰਗ ਤਾਂ ਕੀਤੀ ਹੀ ਹੈ ਜਿਹੜੀ ਤੁਸੀਂ ਮੋਕ ਅਸੈਂਬਲੀ ਬਣਾਈ ਹੈ ਤੇ ਹੁਣ ਤੁਸੀਂ ਬਜਟ ਪੇ ਕਰਨ ਦੀ ਮਰਿਆਦਾ ਭੰਗ ਕਰੀ ਜਾਂਦੇ ਹੋ ਕਿਉਂਕਿ ਬਜਟ ਸੀਕਰ ਟ ਹੁੰਦਾ ਹੈ। ਤੁਸੀਂ ਘੱਟੋ-ਘੱਟ ਇੰਨੀ ਮਰਿਆਦਾ ਤਾਂ ਰੱਖੋ ਕਿ ਜੇ ਸਾਡੇ ਪੈਰੇਲਲ ਬਜਟ ਪੇ ਕਰਨਾ ਹੈ ਤਾਂ ਉਸ ਬਾਰੇ ਕੱਲ੍ਹ ਦੱਸਿਓ ਪਰ ਤੁਸੀਂ ਅੱਜ ਹੀ ਦੱਸੀ ਜਾਂਦੇ ਹੋ ਕਿ ਕੱਲ੍ਹ ਅਸੀਂ ਬਜਟ ਪੇ ਕਰਨਾ ਹੈ। ਕਹਿੰਦੇ ਹੁੰਦੇ ਹਨ ਕਿ ਜਿਹੜੇ ਇਥੇ ਭੈੜੇ ਉਹ ਲਾਹੌਰ ਵੀ ਭੈੜੇ। ਇਸ ਕਰਕੇ ਜੋ ਕੁੱਝ ਉਨ੍ਹਾਂ ਨੇ ਕੀਤਾ ਹੈ ਉਹ ਤਾਂ ਮਾੜਾ ਕੀਤਾ ਹੀ ਹੈ ਬਲਕਿ ਸਾਰੇ ਥਾਈਂ ਇਕੋ ਜਿਹਾ ਕੀਤਾ ਹੈ।

ਇਸ ਗੱਲ ਦੀ ਸਾ ਤਸੱਲੀ ਹੈ ਕਿ ਉਨ੍ਹਾਂ ਦੇ ਸਮੇਂ ਫਿਸਕਲ ਡੈਫੀਸਿਟ ਦੀ ਜੀ.ਡੀ.ਪੀ. ਦੀ ਪਰਸੈਂਟੇ 4.18% ਸੀ ਅਤੇ ਸਾਡੀ 11ਵੀਂ ਪਲਾਨ ਦੀ 3.28% ਸੀ ਜਿਹੜੀ ਕਿ ਟਾਰਗੈਟ ਦੇ ਬਿਲਕੁਲ ਅੰਦਰ ਹੈ। ਉਨ੍ਹਾਂ ਦੇ ਵੇਲੇ 1●ਵੀਂ ਪਲਾਨ ਦਾ ਟਾਰਗੈਟ ਐਵਰੇਜ ਤੋਂ ਉੱਪਰ ਸੀ । ਹਾਲੇ ਤਾਂ ਸਾਨੂੰ ਕਈ ਤਰ੍ਹਾਂ ਦੀ ਮਾਰ ਪੈਂਦੀ ਹੈ। 7,●●● ਕਰੋੜ ਤੋਂ ਵੱਧ ਰੁਪਿਆ ਬਿਨਾਂ ਵਿਆਜ ਤੋਂ ਹੈ ਜਿਹੜਾ ਮਾਨਯੋਗ ਵਿੱਤ ਮੰਤਰੀ ਜੀ ਨੇ ਬਜਟ ਵਿੱਚ ਲਿਖਿਆ ਹੈ ਕਿ ਹਾਲੇ ਐਫ.ਸੀ.ਆਈ. ਨੇ ਸਾਡੀਆਂ ਦੇਣਦਾਰੀਆਂ ਵਿੱਚ ਇਹ ਪੈਸਾ ਦੇਣਾ ਹੈ। ਜਿਣਸ ਲੈ ਜਾਂਦੇ ਹਨ ਪਰ ਮਾੜੇ ਆੜ੍ਹਤੀਏ ਵਾਂਗ ਕਹਿ ਦਿੰਦੇ ਹਨ ਕਿ ਬਾਅਦ ਵਿੱਚ ਬੈਠ ਕੇ ਹਿਸਾਬ ਕਰ ਲਵਾਂਗੇ ਅਤੇ ਜਦੋਂ ਹਿਸਾਬ ਕਰਨ ਦੀ ਵਾਰੀ ਆਉਂਦੀ ਹੈ ਤਾਂ ਕਰਦੇ ਨਹੀਂ। 14,●●● ਕਰੋੜ ਰੁਪਏ ਦੇ ਕਰੀਬ ਪੈਸਾ ਇਨ੍ਹਾਂ ਕੋਲ ਪਿਆ ਹੈ। ਜੇ ਇਹ ਪੈਸਾ ਆ ਜਾਂਦਾ ਹੈ ਤਾਂ ਸਾਰਾ ਕੁਝ ਟਾਰਗੈਟ ਦੇ ਹਿਸਾਬ ਨਾਲ ਥੱਲੇ ਰਹਿਣਾ ਸੀ। ਇਸੇ ਤਰ੍ਹਾਂ ਮਾਨਯੋਗ ਸਪੀਕਰ ਸਾਹਿਬ, ਕੇਂਦਰ ਸਰਕਾਰ ਦਾ ਜਿਹੜਾ ਸਾਲ 2●12-13 ਦਾ ਫਿਸਕਲ ਡੈਫੀਸਿਟ ਹੈ ਉਹ 5, 2●, 925 ਕਰੋੜ ਰੁਪਏ ਹੈ ਜਿਹੜਾ ਕਿ ਕੌਮੀ ਘਰੇਲੂ ਉਤਪਾਦ ਦਾ 5.2% ਹੈ। ਇਹ ਬਹੁਤ f ਆਦਾ ਹੈ। ਦੂਜਾ ਰੈਵੇਨਿਊ ਡੈਫੀਸਿਟ ਸਾਲ 2●11-12 ਦਾ 6811 ਕਰੋੜ ਸੀ ਜਿਹੜਾ ਕਿ ਜੀ.ਡੀ.ਪੀ. ਦਾ 2.63% ਸੀ। ਇਹ 1.●8% ਦਾ ਜਿਹੜਾ ਟਾਰਗੈਟ ਸੀ ਉਸ ਤੋਂ ਥੋੜ੍ਹਾ ਉੱਪਰ ਸੀ। ਸਾਲ 2●12-13 ਦਾ ਰੈਵੇਨਿਊ ਡੈਫੀਸਿਟ 758 ਕਰੋੜ ਸੀ ਜਿਹੜਾ ਕਿ ਜੀ.ਡੀ.ਪੀ. ਦਾ 1.61% ਹੈ। 1.2% ਦਾ ਟਾਰਗੈਟ ਸੀ, ਇਹ ਉਸ ਤੋਂ ਥੋੜ੍ਹਾ ਜਿਹਾ ਵੱਧ ਹੈ। ਸਾਲ 2●13-14 ਦਾ ਬਜਟ ਐਸਟੀਮੇਟ ਵਿੱਚ ਰੈਵੇਨਿਊ ਡੈਫੀਸਿਟ ●.57% ਹੈ ਜਦ ਕਿ ●.6% ਦਾ ਟਾਰਗੈਟ ਪੰਜਾਬ ਦਿੱਤਾ ਗਿਆ ਸੀ। ਸਾਲ 2●13-14 ਦਾ ਜਿਹੜਾ ਬਜਟ ਐਸਟੀਮੇਟ ਹੈ ਇਹ ਬਿਲਕੁਲ ਇਸ ਤੋਂ ਥੱਲੇ ਹੋ ਜਾਵੇਗਾ ਜਿਹੜਾ ਕਿ ਮੈਂ ਸਮਝਦਾ ਹਾਂ ਸੂਬੇ ਵਾਸਤੇ ਵੱਡੀ ਖੁ ੀ

ਦੀ ਗੱਲ ਹੈ। ਜਿਹੜਾ ਪਿਛਲੇ ਸਾਲ ਵਧਿਆ ਸੀ, ਉਹ ਇਸ ਕਾਰਨ ਵਧਿਆ ਸੀ ਕਿਉਂਕਿ ਉਦੋਂ ਪੇਅ ਕਮਿ ਨ ਦੀ ਰਿਪੋਰਟ ਸਰਕਾਰ ਨੇ ਲਾਗੂ ਕੀਤਾ ਸੀ, 1.1.2●●6 ਤੋਂ ਸਰਕਾਰ ਨੇ ਰਿਪੋਰਟ ਜਾਰੀ ਕੀਤੀ ਸੀ ਜਿਸ ਵਾਸਤੇ ਸਰਕਾਰ ਪੇ ਕਰਨੇ ਪਏ ਸਨ। ਇੰਨਾ ਵੱਡਾ ਖਰਚਾ ਹੁੰਦਾ ਹੈ। ਇਸ ਨਾਲ ਕੁਦਰਤੀ ਤੌਰ ਤੇ ਅਸਰ ਖ ਾਨੇ ਤੇ ਪੈਂਦਾ ਹੈ। ਮੈ ਖੁ ੀ ਹੈ ਕਿ ਅਸੀਂ ਸਾਲ 2●13-14 ਵਿੱਚ ਰੈਵੇਨਿਊ ਡੈਫੇਸਿਟ ਦਾ ਟਾਰਗੈਟ ਅਚੀਵ ਕਰਨ ਦੇ ਪੈਰਾਮੀਟਰ ਨੂੰ ਪੂਰਾ ਕਰ ਲਵਾਂਗੇ। ਇਸੇ ਤਰ੍ਹਾਂ, ਸਪੀਕਰ ਸਾਹਿਬ, ਗੌਰਮਿੰਟ ਆਫ ਇੰਡੀਆ ਦਾ ਸਾਲ 2●13-14 ਦਾ ਰੈਵੇਨਿਊ ਡੈਫੀਸਿਟ 3, 79, 838 ਕਰੋੜ ਹੈ ਜਿਹੜਾ ਕਿ ਜੀ.ਡੀ.ਪੀ. ਦਾ 3.33% ਹੈ। ਉਸ ਦੇ ਮੁਕਾਬਲੇ ਪੰਜਾਬ ਦੇ ਰੈਵੇਨਿਊ ਡੈਫੀਸਿਟ ਦੀ ਫਿਗਰ ਬਹੁਤ ਹੀ ਅੱਛੀ ਹੈ।

ਮਾਨਯੋਗ ਸਪੀਕਰ ਸਾਹਿਬ, ਅੱਗੇ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਪੰਜਾਬ ਸਰਕਾਰ ਜਿਹੜਾ ਖਰਚਾ ਕਰਦੀ ਹੈ, ਉਸ ਬਰਾਬਰ ਆਮਦਨ ਦੀ ਤਵੱਕੋਂ ਨਹੀਂ ਰੱਖ ਸਕਦੀ ਕਿਉਂਕਿ ਸਰਕਾਰ ਾਹੂਕਾਰ ਦੇ ਤੌਰ ਤੇ ਜਾਂ ਬਿ ਨਸਮੈਨ ਦੇ ਤੌਰ ਤੇ ਕੰਮ ਨਹੀਂ ਕਰ ਸਕਦੀ। ਸਾ ਸੂਬੇ ਦੇ ਹਿੱਤ ਵਡੇਰੇ ਹਨ, ਉਨ੍ਹਾਂ ਸਾਮ੍ਹਣੇ ਰੱਖਣਾ ਪੈਂਦਾ ਹੈ ਕਿਉਂਕਿ ਅਸੀਂ ਵੈਲਫੇਅਰ ਸਟੇਟ ਹਾਂ। ਇਸ ਵਾਰੀ ਕੈਗ ਦੀ ਜਿਹੜੀ ਰਿਪੋਰਟ ਪੇ ਹੋਈ ਹੈ, ਮੈਂ ਇਸ ਦੀ ਰਿਸਪੈਕਟ ਕਰਦਾ ਹਾਂ। ਕੈਗ ਨੇ ਜੋ ਲਿਖਿਆ ਹੈ, (ਉਨ੍ਹਾਂ ਦੀ ਡਿਊਟੀ ਬਣਦੀ ਹੈ ਅਤੇ ਅਕਾਊਂਟਸ ਦੇ ਐਂਗਲ ਤੋਂ ਇਹ ਜਜਮੈਂਟ ਠੀਕ ਹੈ) ਉਨ੍ਹਾਂ ਦੀ ਸੁਚੇਤ ਕੀਤਾ ਹੈ। ਪੈਰਾ ਨੰ: 1.7.1 ਜੋ ਕਿ ਇਰੀਗੇ ਨ ਵਰਕਸ ਬਾਰੇ ਹੈ, Financial results of Irrigation works, ਮੈਂ ਇਹ ਕੋਟ ਕਰਨ ਲੱਗਾ ਹਾਂ। ਇਸ ਵਿੱਚ ਲਿਖਿਆ ਹੈ ਕਿ "Financial results of nine irrigation projects involving a capital expenditure of Rs. 488.41 crore at the end of March, 2012 showing that revenue realized from the projects during 2011-12 is Rs. 16.30 crore only which is 3.34 % of the capital expenditure" ਉਨ੍ਹਾਂ ਨੇ ਜਿਹੜਾ 9 ਪ੍ਰਾਜੈਕਟਾਂ ਵਿਚੋਂ 488.41 ਕਰੋੜ ਰੁਪਏ ਦਾ ਕੈਪੀਟਲ ਐਕਸਪੈਂਡੀਚਰ ਲਿਖਿਆ ਹੈ ਅਤੇ ਕੁਮੈਂਟ ਕੀਤਾ ਹੈ ਕਿ ਜੇ ਇਸ ਤੇ ਵਿਆਜ ਲਾਈਏ, ਸਿਰਫ ਜਿਹੜੀ ਰਿਕਵਰੀ ਹੋਈ ਹੈ ਉਹ 3.34% ਹੈ। ਮਾਨਯੋਗ ਸਪੀਕਰ ਸਾਹਿਬ, ਅਸੀਂ ਸੂਬੇ ਦਾ ਫਾਇਦਾ ਪਹਿਲਾਂ ਦੇਖਦੇ ਹਾਂ, ਅਸੀਂ ਕਿਸਾਨ ਦਾ ਪਹਿਲਾਂ ਸੋਚਦੇ ਹਾਂ। ਜਿਹੜਾ ਸਾਡਾ ਨਹਿਰਾਂ ਦਾ ਨੈਟਵਰਕ ਸੀ, ਇਹ ਬਿਲਕੁਲ ਕੋਲੈਪਸ ਹੋਣ ਵਾਲਾ ਸੀ। ਸਾਡਾ ਜਿਹੜਾ ਪ੍ਰੋਫਿਟ ਹੈ, ਫਾਇਦਾ ਹੈ, ਉਹ ਇਹ ਹੈ ਕਿ ਜਿਹੜਾ ਸਾਡਾ ਪ੍ਰੋਡਕ ਨ ਹੈ, ਇਸ ਦੇ ਨਾਲ ਨੈ ਨਲ ਫੂਡ ਸਿਕਿਉਰਟੀ ਵੀ ਜੁੜੀ ਹੋਈ ਹੈ, ਜਿਸ ਤੋਂ ਬਾਅਦ ਸਾ ਪਰਚੇ ਟੈਕਸ ਵੀ ਆਉਂਦਾ ਹੈ, ਜਿਸ ਤੋਂ ਸਾ ਰੂਰਲ ਡਿਵੈਲਪਮੈਂਟ ਫੰਡ ਵੀ ਆਉਂਦਾ ਹੈ ਔਰ ਜਿਸ ਦੇ ਨਾਲ ਪੰਜਾਬ ਤੇ ਦੇ ਦੀ ਖੁ ਹਾਲੀ ਜੁੜੀ ਹੋਈ ਹੈ। ਇਸ ਕਰਕੇ ਜਦੋਂ ਅਸੀਂ ਇਹ ਪੈਸਾ ਲਾਉਂਦੇ ਹਾਂ ਤਾਂ ਅਸੀਂ ਇਹ ਨਹੀਂ ਸੋਚਦੇ ਕਿ ਕਿਸਾਨ ਤੇ ਇਸ ਦਾ ਸਿੱਧਾ ਭਾਰ ਪਾ ਦਿੱਤਾ ਜਾਵੇ। ਜਿਹੜੀ

[ਡਾਕਟਰ ਦਲਜੀਤ ਸਿੰਘ ਚੀਮਾ]

ਇਨਵੈਸਟਮੈਂਟ ਸਟੇਟ ਕਰਦੀ ਹੈ, ਇਹ ਸਾਰੀ ਕਿਸਾਨੀ ਦੀ ਬਿਹਤਰੀ ਵਾਸਤੇ ਹੈ ਕਿਉਂਕਿ ਕਿਸਾਨੀ ਸਾਡੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਇਸ ਲਈ ਸਰਕਾਰ ਜੋ ਵੀ ਸਬਸਿਡੀ ਦਿੰਦੀ ਹੈ ਜਾਂ ਇਨ੍ਹਾਂ ਚੀ ਾਂ ਉਤੇ ਪੈਸਾ ਖਰਚ ਕਰ ਰਹੀ ਹੈ ਤਾਂ ਉਸ ਦੇ ਲੌਂਗ ਟਰਮ ਬੈਨੀਫਿਟਸ ਹਨ, ਚਾਹੇ ਉਹ ਦੇ ਹਨ ਜਾਂ ਪੰਜਾਬ ਹਨ। ਜਦੋਂ ਅਸੀਂ ਇਹ ਸਭ ਕੰਪੇਅਰ ਕਰਦੇ ਹਾਂ ਤਾਂ ਜਿਹੜੀਆਂ ਵਿਆਜ ਦੀਆਂ ਪਰਸੈਂਟੇਜ ਹਨ, ਇਸ ਨਾਲੋਂ ਇਹ ਸਭ ਬਹੁਤ ਅੱਗੇ ਨਿਕਲ ਜਾਂਦਾ ਹੈ। ਇਸ ਸਭ ਕਰਕੇ ਮੈ ਖੁ ੀ ਹੈ। ਜਿਹੜੀ ਕੈਗ ਦੀ ਰਿਪੋਰਟ ਹੈ ਇਹ ਉਨ੍ਹਾਂ ਦੀ ਆਪਣੀ ਪਰਸੈਪ ਨ ਹੈ, ਜੋ ਕਿ ਅਕਾਊਂਟਸ ਦੇ ਐਂਗਲ ਤੋਂ ਬਿਲਕੁਲ ਸਹੀ ਹੈ। ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਇਹ ਉਨ੍ਹਾਂ ਦੀ ਡਿਊਟੀ ਬਣਦੀ ਹੈ, ਉਨ੍ਹਾਂ ਨੇ ਆਪਣੀ ਡਿਊਟੀ ਅੱਛੀ ਕੀਤੀ ਹੈ ਲੇਕਿਨ ਸਟੇਟ ਵਾਸਤੇ ਇਹ ਇੱਕ ਪਾ ਟਿਵ ਡਿਵੈਲਪਮੈਂਟ ਹੈ। ਕਿਸਾਨੀ, ਜਿਹੜੀ ਇਸ ਵੇਲੇ ਬਹੁਤ ਹੀ ਆਰਥਿਕ ਮੰਦਹਾਲੀ ਵਿੱਚੋਂ ਗੁ ਰ ਰਹੀ ਹੈ, ਇੱਕ ਸੈਚੁਰੇ ਨ ਪੁਆਇੰਟ ਤੇ ਪਹੁੰਚੀ ਹੋਈ ਹੈ, ਉਸ ਦੀ ਆਰਥਿਕਤਾ ਕਾਇਮ ਰੱਖਣ ਵਾਸਤੇ ਸਰਕਾਰ ਨੇ ਇਹ ਪੈਸੇ ਇਨਵੈਸਟ ਕੀਤੇ ਹਨ, ਇਹ ਬਹੁਤ ਹੀ ਵਧੀਆ ਕੰਮ ਹੈ।

ਇਸੇ ਤਰ੍ਹਾਂ, ਮਾਨਯੋਗ ਸਪੀਕਰ ਸਾਹਿਬ, ਜਿਹੜਾ ਸਾਡਾ ਟੋਟਲ ਆਊਟਸਟੈਂਡਿੰਗ ਡੈਟ ਸੀ, ਸਾਡਾ ਕਰ ਾ ਸੀ, ਇਹ 86,453 ਕਰੋੜ ਰੁਪਏ ਸੀ, ਇਹ 31.35% ਦਾ ਸਾਡੀ ਗਰੌਸ ਸਟੇਟ ਡੋਮੈਸਟਿਕ ਪ੍ਰੋਡਕਟ ਦਾ ਟਾਰਗੈੱਟ ਸੀ। ਜਿਹੜਾ ਸਾਨੂੰ ਫਾਈਨਾਂਸ ਕਮਿ ਨ ਨੇ ਦਿੱਤਾ ਸੀ, ਉਹ 41% ਹੈ। ਅੱਗੋਂ ਸਾਡਾ ਕਰ ਾ ਹੋਰ ਵਧਣ ਦੀ ਸੰਭਾਵਨਾ ਹੈ ਜਿਸ ਦੀ ਪਰਸੈਂਟੇਜ 33.13 ਹੈ ਜਦ ਕਿ ਆਉਣ ਵਾਲੇ ਸਾਲਾਂ ਵਿੱਚ ਸਾਡਾ ਜੀ.ਐਸ.ਡੀ.ਪੀ. ਅਤੇ ਕਰਜ ਅਨੁਪਾਤ ਦਾ ਟੀਚਾ 39.●8% ਹੈ। ਮੈਂ ਗੱਲਾਂ ਦੁਹਰਾਉਣੀਆਂ ਨਹੀਂ ਚਾਹੁੰਦਾ। ਮਾਨਯੋਗ ਮੁੱਖ ਮੰਤਰੀ ਜੀ ਨੇ ਵੀ ਦੱਸਿਆ ਹੈ ਕਿ ਇਕੱਲੀ ਇਕੱਲੀ ਸਟੇਟ ਉੱਤੇ ਕਿੰਨਾ-ਕਿੰਨਾ ਕਰ ਾ ਹੈ। ਬਜਟ ਤਜਵੀ ਾਂ ਵਿੱਚ ਵੀ ਬਹੁਤ ਸਾਰੀਆਂ ਸਟੇਟਾਂ ਦੇ ਹਵਾਲੇ ਦਿੱਤੇ ਗਏ ਹਨ ਕਿ ਕਿੰਨਾ-ਕਿੰਨਾ ਕਰ ਾ ਵੱਖ-ਵੱਖ ਸਟੇਟਾਂ ਉੱਤੇ ਹੈ ਲੇਕਿਨ ਜਿਹੜੇ ਸਾਡੇ ਆਪਣੇ ਫਿਸਕਲ ਪੈਰਾਮੀਟਰ ਹਨ, ਉਨ੍ਹਾਂ ਦੇ ਅੰਦਰ ਹੀ ਸਾਰੀਆਂ ਚੀ ਾਂ ਚਲਦੀਆਂ ਹਨ। ਮੈਂ ਸਮਝਦਾ ਹਾਂ ਕਿ ਸਾਡੇ ਵਾਸਤੇ ਇਹ ਬਹੁਤ ਵੱਡੀ ਤਸੱਲੀ ਦੀ ਗੱਲ ਹੈ ਔਰ ਇਸ ਵਾਸਤੇ ਮੈਂ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ।

ਅਗਲੀ ਗੱਲ ਮੈਂ ਡਿਵੈਲਪਮੈਂਟ ਤੇ ਹੋਏ ਐਕਸਪੈਂਡੀਚਰ ਬਾਰੇ ਕਰਨਾ ਚਾਹੁੰਦਾ ਹਾਂ। ਸਾਲ 2●12-13 ਵਿੱਚ 28,525 ਕਰੋੜ ਰੁਪਏ ਜੋ ਕਿ ਕੁੱਲ ਖਰਚ ਦਾ 58.75% ਬਣਦਾ ਹੈ, ਇਹ ਸਾਡਾ ਡਿਵੈਲਪਮੈਂਟ ਤੇ ਖਰਚ ਹੋ ਰਿਹਾ ਹੈ। ਬਜਟ ਐਸਟੀਮੇਟ ਦੇ ਮੁਤਾਬਕ ਆਉਣ ਵਾਲੇ ਸਾਲ 2●13-14 ਵਿੱਚ 3●,621 ਕਰੋੜ ਰੁਪਏ ਸਾਡੀ ਸਰਕਾਰ ਡਿਵੈਲਪਮੈਂਟ ਉੱਤੇ ਖਰਚ ਕਰ ਰਹੀ ਹੈ। ਡਿਵੈਲਪਮੈਂਟ ਬਾਰੇ ਜਦੋਂ ਅਸੀਂ ਗੱਲ ਕਰਦੇ ਹਾਂ ਤਾਂ ਐਕਸਪੈਂਡੀਚਰ ਦੀ

ਕੁਆਲਿਟੀ ਨੂੰ ਵੀ ਸਾਹਮਣੇ ਰੱਖਣਾ ਪੈਂਦਾ ਹੈ। ਮੈਨੂੰ ਖੁ ੀ ਹੈ ਕਿ ਮੁੱਖ ਮੰਤਰੀ ਸਾਹਿਬ ਦੀ ਅਗਵਾਈ ਵਿੱਚ ਇਸ ਸਰਕਾਰ ਦੀਆਂ ਜਿਹੜੀਆਂ ਫਿਸਕਲ ਪ੍ਰੀਆਰਟੀ ਹਨ, ਉਨ੍ਹਾਂ ਦੀ ਤਾਰੀ ਖੁਦ ਕੈਗ ਨੇ ਆਪਣੀ ਰਿਪੋਰਟ ਵਿੱਚ ਕੀਤੀ ਹੈ। ਮੈਂ ਕੈਗ ਦੀ ਰਿਪੋਰਟ ਦਾ ਪੇ ਨੰ: 22 ਕੋਟ ਕਰਦਾ ਹਾਂ-

"In the case of Education, the ratio of expenditure incurred by Punjab Govt. in general category States, average has gone up from 76.70% in 2008-09 to 90.86% in 2011-12."

ਸਾਲ 2●●8-●9 ਵਿੱਚ ਐਜੂਕੇ ਨ ਉਤੇ ਸਾਡਾ ਜਿਹੜਾ 76.7●% ਖਰਚਾ ਸੀ, ਉਹ ਵੱਧ ਕੇ ਸਾਲ 2●11-12 ਵਿੱਚ 9●.86% ਹੋ ਗਿਆ। Whereas in case of Health, ਜਿਹੜਾ ਕਿ ਅਗਲਾ ਬਹੁਤ ਇੰਪਾਰਟੈਂਟ ਵਿ ਾ ਹੈ, ਉਸ ਦੀਆਂ ਫਿਗਰ ਇਸ ਤੋਂ ਬੈਟਰ ਹਨ। "Whereas in the case of health, higher proportion (106.74%) of the aggregate expenditure was spent by the Govt. of Punjab as compared to general category States average."

ਜਿੰਨੀਆਂ ਵੀ ਦੇ ਦੀਆਂ ਬਾਕੀ ਜਨਰਲ ਕੈਟੇਗਰੀ ਸਟੇਟਸ ਹਨ, ਉਨ੍ਹਾਂ ਵੱਲੋਂ ਐਜੂਕੇ ਨ ਅਤੇ ਹੈਲਥ ਦੇ ਖੇਤਰ ਵਿੱਚ ਕੀਤੇ ਗਏ ਟੋਟਲ ਐਕਸਪੈਂਡੀਚਰ ਦੀ ਜੇਕਰ ਔਸਤ ਲਈਏ ਤਾਂ ਉਸ ਵਿੱਚ ਪੰਜਾਬ ਬਹੁਤ ਅੱਗੇ ਨਿਕਲ ਗਿਆ ਹੈ। ਮੈਂ ਸਮਝਦਾ ਹਾਂ ਕਿ ਜਿਹੜੀਆਂ ਫਿਸਕਲ ਪ੍ਰਾਇਰਟੀ ਫਿਕਸ ਕੀਤੀਆਂ ਗਈਆਂ ਹਨ, ਇਹ ਸੂਬੇ ਨੂੰ ਐਜੂਕੇ ਨ ਅਤੇ ਹੈਲਥ ਦੇ ਖੇਤਰ ਵਿੱਚ ਬਹੁਤ ਅੱਗੇ ਲੈ ਕੇ ਜਾਣਗੀਆਂ। ਸਰਕਾਰ ਨੇ ਇਸ ਪਾਸੇ ਬਹੁਤ ਅੱਛਾ ਕਾਰਜ ਕੀਤਾ ਹੈ। ਇਸੇ ਤਰ੍ਹਾਂ, ਮਾਨਯੋਗ ਸਪੀਕਰ ਸਾਹਿਬ , ਜੇ ਮੈਂ ਐਨੂਅਲ ਪਲਾਨ ਦੀ ਗੱਲ ਕਰਾਂ ਤਾਂ ਪਿਛਲੇ ਸਾਲ ਸਾਡੀ ਐਨੁਅਲ ਪਲਾਨ 14,●●● ਕਰੋੜ ਰੁਪਏ ਸੀ ਜਿਹੜੀ ਕਿ ਇਸ ਵਾਰੀ 16, 123 ਕਰੋੜ ਰੁਪਏ ਤੇ ਪਹੁੰਚ ਗਈ ਹੈ। 11ਵੀਂ ਪਲਾਨ ਵਿੱਚ ਸਾਡੀ ਪਲਾਨ ਪ੍ਰਫਾਰਮੈਂਸ 81 ਫੀਸਦੀ ਸੀ ਜਿਹੜੀ ਕਿ ਸਾਲ 2●12-13 ਵਿੱਚ 7● ਫੀਸਦੀ ਤੋਂ ਵੱਧ ਹੋਣ ਦੀ ਆਸ ਹੈ। ਮੈ ਖੁ ੀ ਹੈ ਕਿ ਇਸ ਵਿੱਚ ਸਰਕਾਰ ਨੇ ਵੱਡਾ ੋਰ ਐਜੂਕੇ ਨ ਔਰ ਹੈਲਥ ਉੱਤੇ, ਗਰਲ ਚਾਈਲਡ ਅਤੇ ਵਿਮੈਨ ਇੰਪਾਵਰਮੈਂਟ ਉੱਤੇ ਦਿੱਤਾ ਹੈ। ਉਸ ਵਾਸਤੇ ਮੈਂ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਸਾਹਿਬ ਵਧਾਈ ਦਿੰਦਾ ਹਾਂ।

ਮਾਨਯੋਗ ਸਪੀਕਰ ਸਾਹਿਬ, ਮੈਂ ਸਾਰੇ ਬਜਟ ਬੜੇ ਧਿਆਨ ਦੇ ਨਾਲ ਪੜ੍ਹਿਆ ਹੈ। ਇਕੱਲੇ-ਇਕੱਲੇ ਖੇਤਰ ਵਿਚ ਸਰਕਾਰ ਨੇ ਕਿੰਨਾ ਕੰਮ ਕੀਤਾ ਹੈ ਅਤੇ ਆਉਣ ਵਾਲੇ ਸਮ ਂ ਵਿਚ ਵੱਖ-ਵੱਖ ਮਹਿਕਮਿਆਂ ਵਾਸਤੇ ਕਿੰਨਾ-ਕਿੰਨਾ ਬਜਟ ਰੱਖਿਆ ਹੈ, ਉਸ ਮੈਂ ਬੜੇ ਧਿਆਨ ਦੇ ਨਾਲ ਪੜ੍ਹਿਆ ਹੈ। ਇਸ ਵਾਰ 63 ਕਰੋੜ ਰੁਪਿਆ ਖੇਤੀਬਾੜੀ ਵਾਸਤੇ ਸਾਡੀ ਸਰਕਾਰ ਨੇ ਰੱਖਿਆ ਹੈ। ਖੇਤੀਬਾੜੀ ਵਿੱਚ ਆਈ ਖੜੋਤ ਦੂਰ ਕਰਨ ਵਾਸਤੇ ਸਭ ਤੋਂ

[ਡਾਕਟਰ ਦਲਜੀਤ ਸਿੰਘ ਚੀਮਾ]

ਰੂਰੀ ਹੈ ਕਿ ਅਸੀਂ ਐਗਰੀਕਲਚਰ ਖੇਤਰ ਵਿਚ ਰਿਸਰਚ ਪਰਮੋਟ ਕਰੀਏ। ਇਸ ਲਈ ਬਜਟ ਦਾ ਤੀਜਾ ਹਿੱਸਾ ਭਾਵ 3●● ਕਰੋੜ ਰੁਪਿਆ ਇਕੱਲਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦਿੱਤਾ ਹੈ ਅਤੇ 2●● ਕਰੋੜ ਰੁਪਿਆ ਰਾ ਟਰੀ ਕ੍ਰਿ ਵਿਕਾਸ ਯੋਜਨਾ ਅਧੀਨ ਖੇਤੀਬਾੜੀ ਅਤੇ ਸਬੰਧਿਤ ਸੈਕਟਰਾਂ ਦੀ ਮ ਬੂਤੀ ਲਈ ਦਿੱਤਾ ਹੈ। 1●● ਕਰੋੜ ਰੁਪਿਆ ਕ੍ਰਿ ਬਾਗਬਾਨੀ ਮਿਲਾ ਵਾਸਤੇ ਦਿੱਤਾ ਹੈ ਜਿਹੜਾ ਕਿ ਮੈਂ ਸਮਝਦਾ ਹਾਂ ਕਿ ਡਾਈਵਰਸੀਫਿਕੇ ਨ ਦਾ ਹਿੱਸਾ ਹੈ, ਉਸ ਵਾਸਤੇ ਰੱਖਿਆ ਹੈ। ਸੋ ਇਹ ਜਿਹੜੀ ਐਲੋਕੇ ਨ ਹੈ, ਇਸ ਵਾਸਤੇ ਵੀ ਵਿੱਤ ਮੰਤਰੀ ਜੀ ਔਰ ਮੁੱਖ ਮੰਤਰੀ ਜੀ ਵਧਾਈ ਦੇ ਪਾਤਰ ਹਨ। ਇਸੇ ਤਰ੍ਹਾਂ ਐਨੀਮਲ ਹਸਬੈਂਡਰੀ, ਫਿ ਰੀ ਅਤੇ ਡੇਅਰੀ ਵਿਕਾਸ ਵਾਸਤੇ 11● ਕਰੋੜ ਰੁਪਏ ਰੱਖੇ ਗਏ ਹਨ। ਇਸ ਵਿਚ ਗੁਰੂ ਅੰਗਦ ਦੇਵ ਯੂਨੀਵਰਸਿਟੀ ਦੇ ਮ ਬੂਤੀਕਰਨ ਲਈ 83 ਕਰੋੜ ਰੁਪਏ ਰੱਖੇ ਹਨ ਤਾਂ ਜੋ ਇਸ ਖੇਤਰ ਵਿੱਚ ਹੋਣ ਵਾਲੀਆਂ ਰਿਸਰਚਸ ਨੂੰ ਹੋਰ ਐਨਕਰੇਜ ਕੀਤਾ ਜਾ ਸਕੇ। ਇਸੇ ਤਰ੍ਹਾਂ ਪਾਵਰ ਵਾਸਤੇ 32●9 ਕਰੋੜ ਰੁਪਏ ਰੱਖੇ ਗਏ ਹਨ ਅਤੇ ਇਰੀਗੇ ਨ ਸੈਕਟਰ ਵਾਸਤੇ 11●3 ਕਰੋੜ ਰੁਪਏ ਰੱਖੇ ਗਏ ਹਨ। ਮਾਨਯੋਗ ਸਪੀਕਰ ਸਾਹਿਬ, ਸਾਡੇ ਪਾਵਰ ਸੈਕਟਰ ਵਿੱਚ ਇਹ ਸਮੱਸਿਆ ਸੀ ਕਿ ਜੇ ਅਸੀਂ ਬਿਜਲੀ ਕਿਤੋਂ ਮੁੱਲ ਲੈਂਦੇ ਸੀ ਤਾਂ ਸਾਡੇ ਕੋਲ ਜਿਹੜੀ ਡਿਸਟਰੀਬਿਊ ਨ ਦਾ ਨੈੱਟਵਰਕ ਸੀ, ਉਹ ਇੰਨਾ ਸਫੀ ਿਟ ਨਹੀਂ ਸੀ ਕਿ ਉਹ ਉਸ ਕੈਰੀ ਕਰ ਸਕੇ ਅਤੇ ਇਸ ਦੇ ਨਾਲ-ਨਾਲ ਟਰਾਂਸਮਿ ਨ ਲਾਸਿਸ ਬਹੁਤ ਿਆਦਾ ਸਨ। ਮਾਨਯੋਗ ਮੁੱਖ ਮੰਤਰੀ ਸਾਹਿਬ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਨਾ ਸਿਰਫ ਗਰਿਡ ਸਟੇ ਨਾਂ ਹੀ ਅੱਪਗਰੇਡ ਕੀਤਾ ਸਗੋਂ ਡਿਸਟਰੀਬਿਊ ਨ ਦਾ ਜਿਹੜਾ ਨੈਟਵਰਕ ਹੈ, ਉਸ ਵਿੱਚ ਬੜੀ ਹੈਵੀ ਇਨਵੈਸਟਮੈਂਟ ਕੀਤੀ ਹੈ। ਮਹੱਤਵਪੂਰਨ ਗੱਲ ਨੈੱਟਵਰਕ ਇੰਪਰੂਵ ਕਰਨ ਦੀ ਹੈ ਜਿਨ੍ਹਾਂ ਵਿੱਚ ਬਹੁਤ ਵੱਡੀ ਇਨਵੈਸਟਮੈਂਟ ਕੀਤੀ ਗਈ ਹੈ। ਆਉਣ ਵਾਲੇ ਸਮੇਂ ਵਿਚ ਤਿੰਨ ਥਰਮਲ ਪਲਾਂਟ ਕੰਪਲੀਟ ਹੋਣ ਜਾ ਰਹੇ ਹਨ। ਜਦੋਂ ਾਹਪੁਰ ਕੰਢੀ ਦਾ ਪ੍ਰਾਜੈਕਟ ਕੰਪਲੀਟ ਹੋ ਗਿਆ ਔਰ ਜਦੋਂ ਬਾਕੀ ਸਰੋਤਾਂ ਤੋਂ ਜਿਥੋਂ ਬਿਜਲੀ ਪੈਦਾ ਹੋਈ ਹੈ, ਉਹ ਪ੍ਰਾਜੈਕਟ ਵੀ ਸਾਲ-ਡੇਢ ਸਾਲ ਦੇ ਅੰਦਰ ਕੰਪਲੀਟ ਹੋ ਗਏ ਤਾਂ ਉਸ ਵਕਤ ਸਾਡੀ ਸਟ ਟ ਬਿਜਲੀ ਪੱਖੋਂ ਸਰਪਲੱਸ ਸਟੇਟ ਬਣ ਜਾਵੇਗੀ।

ਇਸੇ ਤਰ੍ਹਾਂ ਨਹਿਰਾਂ ਦੀ ਵੀ ਬਹੁਤ ਵੱਡੀ ਸਮੱਸਿਆ ਸੀ। ਉਨ੍ਹਾਂ ਦੀ ਵੀ ਕੈਰਿੰਗ ਕਪੈਸਿਟੀ ਖਤਮ ਹੋ ਗਈ ਸੀ। ਕਿਸੇ ਵੀ ਨਹਿਰ ਦੀ ਕਿਸੇ ਵੀ ਟੇਲ ਤੇ ਪਾਣੀ ੋਰ ਲਾ ਕੇ ਵੀ ਨਹੀਂ ਪਹੁੰਚਦਾ ਸੀ। ਇਸ ਲਈ ਨਹਿਰਾਂ ਦੇ ਖੇਤਰ ਵਿਚ ਬਹੁਤ ਵੱਡੀ ਇਨਵੈਸਟਮੈਂਟ ਪਿਛਲੇ ਪੰਜ ਸਾਲਾਂ ਦੌਰਾਨ ਵੀ ਕੀਤੀ ਗਈ ਸੀ ਔਰ ਇਸ ਸਾਲ ਵੀ 11●3 ਕਰੋੜ ਰੁਪਏ ਅਸੀਂ ਇਸ ਵਾਸਤੇ ਰੱਖੇ ਹਨ। ਇਸੇ ਤਰ੍ਹਾਂ ਵਾਟਰ ਸਪਲਾਈ ਅਤੇ ਸੈਨੀਟੇ ਨ ਵਾਸਤੇ ਪਿਛਲੇ ਸਾਲ ਨਾਲੋਂ 35 ਫੀਸਦੀ ਬਜਟ ਵਧਾ ਕੇ 393 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਪਿੰਡ ਵਿੱਚ

ਪੀਣ ਵਾਲਾ ਸਾਂ ਪਾਣੀ ਮੁਹੱਈਆ ਕਰਵਾਉਣ ਲਈ 335 ਕਰੋੜ ਰੁਪਏ ਰੱਖੇ ਗਏ ਹਨ। ਪੰਜਾਬ ਵਿਚ ਬਹੁਤ ਸਾਰੇ ਇਲਾਕੇ ਅਜਿਹੇ ਹਨ ਜਿਥੇ ਪੀਣ ਵਾਲਾ ਪਾਣੀ ਫਿੱਟ ਨਹੀਂ ਰਿਹਾ। ਇਸ ਕਰਕੇ 335 ਕਰੋੜ ਰੁਪਏ ਉਸ ਵਾਸਤੇ ਰੱਖੇ ਗਏ ਹਨ। ਮੈਂ ਇਸ ਵਾਸਤੇ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ।

ਰੂਰਲ ਡਿਵੈਲਪਮੈਂਟ ਵਾਸਤੇ ਵੀ 763 ਕਰੋੜ ਰੁਪਏ ਰੱਖੇ ਗਏ ਹਨ। ਪੰਜਾਬ ਵਿੱਚ ਸੜਕਾਂ ਦਾ ਨੈਟੱਵਰਕ ਬਹੁਤ ਵੱਡਾ ਹੈ। 42●● ਕਰੋੜ ਰੁਪਏ ਵਿੱਚੋਂ 17●● ਕਰੋੜ ਰੁਪਏ ਨਾਲ ਪਿੰਡਾਂ ਦੀਆਂ ਸੜਕਾਂ ਰਿਪੇਅਰ ਹੋਣੀਆਂ ਹਨ। ਇਹ ਲੋਕਾਂ ਦੀ ਬਹੁਤ ਵੱਡੀ ਮੰਗ ਸੀ। ਸਾਡੇ ਸਾਰੇ ਐਮ.ਐਲ.ਏ. ਸਾਹਿਬਾਨ ਪਿੰਡਾਂ ਦੇ ਹਾਲਾਤ ਤੋਂ ਜਾਣੂੰ ਹਨ। ਮੁੱਖ ਮੰਤਰੀ ਸਾਹਿਬ ਸਾਰਿਆਂ ਨੇ ਬੇਨਤੀ ਕੀਤੀ ਸੀ। ਇਸ ਲਈ ਉਨ੍ਹਾਂ ਨੇ ਬਹੁਤ ਵੱਡਾ ਫੰਡ 17●● ਕਰੋੜ ਰੁਪਏ ਦਾ, ਹਰ ਹਲਕੇ ਵਿੱਚ ਸੜਕਾਂ ਦੀ ਰਿਪੇਅਰ ਵਾਸਤੇ ਰੱਖਿਆ ਹੈ। ਹਾਈਵੇਅ ਬਹੁਤ ਅੱਛੇ ਹਨ। ਲਿੰਕ ਸੜਕਾਂ ਵਾਸਤੇ ਇਸ ਬਜਟ ਵਿੱਚ ਪੈਸਾ ਰੱਖਿਆ ਹੈ ਜਿਸ ਨਾਲ ਉਨ੍ਹਾਂ ਦੀ ਹਾਲਤ ਬਹੁਤ ਬਿਹਤਰ ਹੋ ਜਾਵੇਗੀ। ਇਸੇ ਤਰ੍ਹਾਂ 12ਵੀਂ ਪਲਾਨ ਦੇ ਵਿੱਚ ਪੰਜ ਹ ਾਰ ਕਰੋੜ ਰੁਪਿਆ ਇਨ੍ਰੰਾਸਟ੍ਰਕਚਰ ਤੇ ਖਰਚਣ ਦਾ ਪਲਾਨ ਬਣਿਆ ਹੈ। ਇਹ ਸੂਬੇ ਵਾਸਤੇ ਬਿਹਤਰੀ ਦੀ ਗੱਲ ਹੈ। ਸਿੱਖਿਆ, ਜਿਹੜੀ ਮੈਂ ਸਮਝਦਾ ਹਾਂ ਕਿ ਸਭ ਤੋਂ ਅਹਿਮ ਖਿੱਤਾ ਹੈ, ਉਸ ਵਾਸਤੇ 8541 ਕਰੋੜ ਰੁਪਿਆ ਅਤੇ 11●● ਕਰੋੜ ਰੁਪਿਆ ਕੇਂਦਰ ਸਰਕਾਰ ਦਾ ਜਿਹੜਾ ਹਿੱਸਾ ਹੈ, ਉਹ ਇਸ ਨਾਲੋਂ ਅਲੱਗ ਰੱਖਿਆ ਗਿਆ ਹੈ। ਜਿਹੜਾ ਸਭ ਤੋਂ ਅੱਛਾ ਕੰਮ ਹੈ ਉਹ ਇਹ ਹੈ ਕਿ ਪੀ.ਪੀ.ਮੋਡ ਦੇ 1●●● ਮਾਡਲ ਸਕੂਲ ਪੰਜਾਬ ਵਿੱਚ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਅਰਬਨ ਤੇ ਰੂਰਲ ਏਰੀਏ ਦਾ ਜਿਹੜਾ ਪਾੜ੍ਹਾ ਵੱਧ ਰਿਹਾ ਸੀ, ਕਿਉਂਕਿ ਐਜੂਕੇ ਨ ਦੇ ਖੇਤਰ ਵਿੱਚ ਅਰਬਨ ਸਕੂਲ ਬਹੁਤ ਬੈਟਰ ਹੋ ਰਹੇ ਹਨ। ਪ੍ਰਾਈਵ ਟ ਸੈਕਟਰ ਦਾ ਅਰਬਨ ਏਰੀਏ ਵੱਲ ਿ ਆਦਾ ਫੋਕਸ ਹੋਣ ਕਰਕੇ ਪਿੰਡਾਂ ਦੇ ਸਕੂਲ ਪਿੱਛੇ ਜਾ ਰਹੇ ਹਨ। ਇਸ ਲਈ ਰੂਰਲ ਖੇਤਰ ਵਿੱਚ ਕੁਆਲਿਟੀ ਆਫ ਐਜੂਕੇ ਨ ਨੂੰ ਇੰਪਰੂਵ ਕਰਨ ਵਾਸਤੇ ਸਰਕਾਰ ਇਹ ਕੰਮ ਕਰਨ ਜਾ ਰਹੀ ਹੈ। ਇਸ ਨਾਲ ਸਾਡੇ ਪਿੰਡਾਂ ਦੇ ਬੱਚਿਆਂ , ਜਿਨ੍ਹਾਂ ਦੀ ਗਿਣਤੀ ਬਹੁਤ ਵੱਡੀ ਹੈ, ਬਹੁਤ ਫਾਇਦਾ ਹੋਵੇਗਾ। ਇਸੇ ਤਰ੍ਹਾਂ ਹੀ ਬੱਚਿਆਂ ਦੇ ਵਿਦਿਅਕ ਮਿਆਰ ਇੰਪਰੂਵ ਕਰਨ ਵਾਸਤੇ ਉਨ੍ਹਾਂ ਉਤ ਾਹਿਤ ਕਰਨ ਵਾਸਤੇ ਉਨ੍ਹਾਂ ਮੋਟੀਵੇਟ ਕਰਨ ਵਾਸਤੇ ਕਿ ਜਿਹੜੇ ਬੱਚੇ ਦਸਵੀਂ ਵਿੱਚੋਂ 8●% ਤੋਂ ਵੱਧ ਨੰਬਰ ਲੈਂਦੇ ਹਨ, ਉਨ੍ਹਾਂ ਲਈ ਡਾਕਟਰ ਹਰਗੋਬਿੰਦ ਖੁਰਾਣਾ ਜੀ ਦੇ ਨਾਂ ਉਤੇ ਸਕਾਲਰ ਿਪ_ਰੂ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਸਾਡੇ ਸਰਕਾਰੀ ਸਕੂਲਾਂ ਦੇ ਬੱਚਿਆਂ ਵਾਸਤੇ ਇਹ ਬਹੁਤ ਲਾਹੇਵੰਦ ਸਾਬਤ ਹੋਵੇਗਾ।

ਇਸੇ ਤਰ੍ਹਾਂ ਜਿਹੜੇ ਪਰਿਵਾਰਾਂ ਕੋਲ ਨੀਲੇ ਕਾਰਡ ਹਨ, ਉਹ 15.4 ਲੱਖ ਪਰਿਵਾਰ ਹਨ ਜਿਨ੍ਹਾਂ ਪੰਜਾਬ ਵਿੱਚ ਆਟਾ-ਦਾਲ ਸਕੀਮ ਅਧੀਨ ਰਿਆਇਤੀ ਦਰਾਂ ਤੇ ਸਮਾਨ

[ਡਾਕਟਰ ਦਲਜੀਤ ਸਿੰਘ ਚੀਮਾ]

ਮਿਲਦਾ ਹੈ। ਉਨ੍ਹਾਂ ਪਰਿਵਾਰਾਂ ਦੀ ਅਗਰ ਕੋਈ ਲੜਕੀ ਕਿਸੇ ਪ੍ਰੋਫੈ ਨਲ ਕਾਲਜ ਦੇ ਵਿੱਚ ਦਾਖਲਾ ਲੈਂਦੀ ਹੈ ਤਾਂ ਉਸ ਵਾਸਤੇ ਨੰਨੀ ਛਾਂ ਦੇ ਨਾਂ ਦੇ ਉਤੇ 3●,●●●/- ਰੁਪਏ ਸਲਾਨਾ ਦਾ ਸਕਾਲਰਿ ਪ _ਰੂ ਕੀਤਾ ਗਿਆ ਹੈ। ਇਹ ਰਕਮ ਵੀ ਮੈਂ ਸਮਝਦਾ ਹਾਂ ਕਿ ਗਰੀਬ ਪਰਿਵਾਰਾਂ ਦੀਆਂ ਬੱਚੀਆਂ ਦੀ ਪੜ੍ਹਾਈ ਵਾਸਤੇ ਸਹਾਈ ਹੋਵੇਗੀ। ਪਹਿਲਾਂ ਲੜਕੀਆਂ ਦੀ +2 ਦੀ ਐਜੂਕੇ ਨ ਮੁਫਤ ਸੀ, ਹੁਣ ਇਸ ਬਜਟ ਦੇ ਵਿੱਚ ਆਈ.ਟੀ.ਆਈ. ਵਿੱਚ ਉਨ੍ਹਾਂ ਐਜੂਕੇ ਨ ਮੁਫਤ ਦਿੱਤੀ ਗਈ ਹੈ ਲੇਕਿਨ ਅਗਰ ਉਹ ਹੋਰ ਕਿਸੇ ਕਾਲਜ ਜਿਵੇਂ ਨਰਸਿੰਗ ਕਾਲਜ, ਡੈਂਟਲ ਕਾਲਜ, ਮੈਡੀਕਲ ਕਾਲਜ ਜਾਂ ਇੰਜਨੀਅਰਿੰਗ ਕਾਲਜ ਵਿੱਚ ਜਾਣਾ ਚਾਹੁੰਦੀਆਂ ਹਨ ਤਾਂ ਉਸ ਵਾਸਤੇ 3● ,●●● ਰੁਪਏ ਦੀ ਸਕਾਲਰਿ ਪ ਸਕੀਮ ਉਨ੍ਹਾਂ ਬੱਚੀਆਂ ਇਸ ਪਾਸੇ ਐਨਕਰੇਜ ਕਰਨ ਦੇ ਵਿੱਚ ਸਹਾਈ ਹੋਵੇਗੀ। ਇਸੇ ਤਰ੍ਹਾਂ ਹੀ ਹੈਲਥ ਦੇ ਖੇਤਰ ਵਿੱਚ ਪੰਜਾਬ ਸਰਕਾਰ ਵੱਲੋਂ ਪਾਏ ਯੋਗਦਾਨ ਦੀ ਤਾਰੀਫ ਨੈ ਨਲ ਪੱਧਰ ਤੇ ਪਹਿਲਾਂ ਹੋ ਚੁੱਕੀ ਹੈ ਕਿ ਪੰਜਾਬ ਸਰਕਾਰ ਨੇ ਹੈਲਥ ਖੇਤਰ ਵਿੱਚ ਇਨਫ੍ਰਾਸਟ੍ਰਕਚਰ ਬਹੁਤ ਇੰਪਰੂਵ ਕੀਤਾ ਹੈ। ਉਸ ਦੇ ਚੰਗੇ ਨਤੀਜੇ ਤੁਹਾਡੇ ਸਾਹਮਣੇ ਹਨ। ਇਸ ਦੇ ਦੋ ਇੰਪਾਰਟੈਂਟ ਹੈਲਥ ਇੰਡੀਕੇਟਿਵ ਇਹ ਹਨ ਕਿ Intertility rate ਸਾਲ 2●●6 ਵਿੱਚ 44 ਸੀ, ਇਹ ਘੱਟ ਕੇ 2●11 ਦੇ ਵਿੱਚ 3● ਤੇ ਪਹੁੰਚ ਗਿਆ ਹੈ। ਮੈਂ ਸਮਝਦਾ ਹਾਂ ਕਿ ਜਿਹੜੀ 14 ਪੁਆਇੰਟਾਂ ਦੀ ਕਮੀ ਆਈ ਹੈ, ਇਹ ਸੂਬੇ ਵਾਸਤੇ ਇੱਕ ਬਹੁਤ ਹੀ ਅੱਛਾ ਸੰਦੇ ਹੈ। ਇਸੇ ਤਰ੍ਹਾਂ ਜਿਹੜੀ ਮਦਰ ਮੈਰਟੇਲਿਟੀ ਰੇਟ ਐਮ.ਐਮ.ਆਰ. ਸੀ, ਉਹ 2●●4-●6 ਦੇ ਵਿੱਚ 192 ਸੀ ਜਿਹੜੀ ਸਾਲ 2●●7-●9 ਵਿੱਚ ਘੱਟ ਕੇ 172 ਤੇ ਆ ਗਈ ਹੈ। ਇਹ 2● ਪੁਆਇੰਟ ਥੱਲੇ ਆਈ ਹੈ। ਮੈਂ ਸਮਝਦਾ ਹਾਂ ਕਿ ਇਹ ਵੀ ਸਾਡੇ ਵਾਸਤੇ ਬਹੁਤ ਵੱਡੀ ਖੁ ਖਬਰੀ ਹੈ। ਜਿਹੜੀ ਸਭ ਤੋਂ ਵੱਡੀ ਸੂਬੇ ਦੀ ਚਿੰਤਾ ਸੀ, ਉਹ ਸੀ ਮੇਲ-ਫੀਮੇਲ ਰੇ । ਸਪੀਕਰ ਸਾਹਿਬ, ਇੱਕ ਬਹੁਤ ਵੱਡਾ ਕਲੰਕ ਸਾਡੇ ਪੰਜਾਬੀਆਂ ਦੇ ਮੱਥੇ ਦੇ ਉਤੇ ਲੱਗ ਰਿਹਾ ਸੀ ਕਿ ਬੱਚੀਆਂ ਜਨਮ ਤੋਂ ਪਹਿਲਾਂ ਮਾਰਿਆ ਜਾ ਰਿਹਾ ਹੈ ਲੇਕਿਨ ਅੱਜ ਤਸੱਲੀ ਹੈ ਕਿ ਉਹ ਜਿਹੜੀ ਫਿੱਗਰ ਹੈ ਉਹ ਉੱਪਰ ਆਉਣੀ_ਰੂ ਹੋਈ ਹੈ। ਹਾਲੇ ਹੋਰ ਉੱਪਰ ਆਉਣੀ ਚਾਹੀਦੀ ਹੈ। ਸਾਲ 2●●1 ਦੀ ਸੈਂਸਿਸ ਦੇ ਵਿੱਚ ਇਹ 798 ਤੇ ਪਹੁੰਚ ਗਈ ਸੀ ਲੇਕਿਨ ਅੱਜ ਇਹ 846 ਤੱਕ ਪਹੁੰਚ ਗਈ ਹੈ। ਇਸ ਵਾਸਤੇ ਮੈਂ ਸਿਹਤ ਮੰਤਰੀ ਜੀ ਵੀ ਵਧਾਈ ਦਿੰਦਾ ਹਾਂ ਕਿਉਂਕਿ ਬਹੁਤ ਹੀ ਵੱਡੀ ਮਿਹਨਤ ਸਰਕਾਰ ਨੇ, ਸਿਹਤ ਮਹਿਕਮੇ ਨੇ ਇਸ ਪਾਸੇ ਕੀਤੀ ਹੈ। ਇਸ ਪਾਸੇ ਬੜੀ ਸ ਤੀ ਵੀ ਕੀਤੀ ਹੈ। ਅਵੇਅਰਨੈਸ ਕੈਂਪੇਨ ਵੀ ਚਲਾਇਆ। ਇਸ ਵਿੱਚ ਐਨ.ਜੀ.ਓ . ਨੇ ਵੀ ਬਹੁਤ ਵੱਡਾ ਰੋਲ ਪਲੇਅ ਕੀਤਾ, ਸੂਬੇ ਦੀਆਂ ਧਾਰਮਿਕ ਜਥੇਬੰਦੀਆਂ ਨੇ ਵੀ ਰੋਲ ਪਲੇਅ ਕੀਤਾ ਔਰ ਇਹ ਜੋ ਬਹੁਤ ਵੱਡਾ ਉਲ੍ਹਾਮਾ ਸਾਰੇ ਸੂਬੇ ਉਪਰ ਸੀ, ਇਹ ਫਿੱਗਰ ਹੁਣ ਉੱਪਰ ਆਉਣੀ_ਰੂ ਹੋਈ ਹੈ, ਇਹ ਬਹੁਤ ਅੱਛੀ ਗੱਲ ਹੈ। ਇਸੇ ਤਰ੍ਹਾਂ, ਜਿਹੜੀ ਕੈਂਸਰ ਦੀ ਬਿਮਾਰੀ ਹੈ, ਜਿਸ ਬਾਰੇ ਇਸ ਹਾਊਸ ਵਿੱਚ ਬਹੁਤ ਵਾਰੀ ਚਿੰਤਾ ਹੋਈ ਹੈ, ਉਸ ਵਾਸਤੇ ਪਰਾਪਰ ਇਨਫ੍ਰਾਸਟ੍ਰਕਚਰ

ਤਿੰਨ ਮੈਡੀਕਲ ਕਾਲਜਾਂ ਅਤੇ ਬਠਿੰਡਾ, ਸੰਗਰੂਰ ਦੇ ਹਸਪਤਾਲਾਂ ਵਿੱਚ ਕਾਇਮ ਕਰਨ ਵਾਸਤੇ 300 ਕਰੋੜ ਰੁਪਿਆ ਰੱਖਿਆ ਗਿਆ ਹੈ। ਇਸੇ ਤਰ੍ਹਾਂ ਡੀ-ਐਡਿਕ ਨ ਸੈਂਟਰ ਜਿੱਥੇ ਹਰ ਤਰ੍ਹਾਂ ਦੀ ਸਹੂਲਤ, ਉਨ੍ਹਾਂ ਨੌਜਵਾਨਾਂ ਜਿਹੜੇ ਇਨ੍ਹਾਂ ਨ ਿਆਂ ਦਾ ਿ ਕਾਰ ਹਨ, ਉਨ੍ਹਾਂ ਮਿਲ ਸਕੇ ਅਤੇ ਉਸ ਵਾਸਤੇ ਸਟੇਟ ਲੈਵਲ ਤੇ ਪੰਜ ਹਸਪਤਾਲ ਬਣਾਏ ਜਾ ਰਹੇ ਹਨ। ਮੈਂ ਸਮਝਦਾ ਹਾਂ ਕਿ ਇਸ ਦਾ ਬਹੁਤ ਵੱਡਾ ਫਾਇਦਾ ਪੰਜਾਬ ਆਉਣ ਵਾਲੇ ਸਮ ਂ ਵਿੱਚ ਹੋਵੇ ਗਾ। ਇਸੇ ਤਰ੍ਹਾਂ ਭਾਈ ਘਨੱਈਆ ਬੀਮਾ ਸਕੀਮ, ਜਿਹੜੀ ਪਹਿਲਾਂ ਕੋਆਪਰੇਟਿਵ ਸੁਸਾਇਟੀ ਦੇ ਮੈਂਬਰ ਤੱਕ ਸੀਮਿਤ ਸੀ, ਉਸ ਆਮ ਲੋਕਾਂ ਤੱਕ ਪਹੁੰਚਾਇਆ ਗਿਆ ਹੈ। ਮਾਨਯੋਗ ਸਪੀਕਰ ਸਾਹਿਬ, ਤੁਸੀਂ ਬਹੁਤ ਵਾਰੀ ਵਿਦੇ ਂ ਵਿੱਚ ਗਏ ਹੋ। ਉਥੇ ਦੇਖਿਆ ਹੋਵ ਗਾ ਕਿ ਸਾਰੇ ਲੋਕ ਆਪਣਾ ਇਲਾਜ ਇੰਨਸੋਰੈ ਤੇ ਕਰਵਾਉਂਦੇ ਹਨ। ਹੁਣ ਪੰਜਾਬ ਇੱਕ ਇਹੋ ਜਿਹਾ ਸੂਬਾ ਬਣਨ ਜਾ ਰਿਹਾ ਹੈ ਜਿੱਥੇ ਲੋਕਾਂ ਦਾ ਸਿਹਤ ਪ੍ਰਤੀ ਖਰਚਾ ਿ ਆਦਾ ਨਾ ਹੋਵੇ, ਉਨ੍ਹਾਂ ਦੀ ਆਰਥਿਕ ਹਾਲਤ ਇਫੈਕਟ ਨਾ ਹੋਵੇ, ਇਸ ਕਰਕੇ ਉਨ੍ਹਾਂ ਇਸ ਪਾਸੇ ਪਾਇਆ ਗਿਆ ਹੈ। ਗਰੀਬ ਲੋਕ ਜਿਨ੍ਹਾਂ ਕੋਲ ਨੀਲੇ ਕਾਰਡ ਸਨ, ਪ੍ਰਤੀ ਪਰਿਵਾਰ 400/- ਰੁਪਿਆ ਸਰਕਾਰ ਉਸ ਦਾ ਪ੍ਰੀਮੀਅਮ ਦੇ ਕੇ 30,000/- ਰੁਪਏ ਦਾ ਮੈਡੀਕਲ ਕਵਰ ਮੁਹੱਈਆ ਕਰਨ ਲਈ ਇੰ ਰੈਂਸ ਦੀ ਸਕੀਮ ਚਲਾ ਰਹੀ ਹੈ। ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਇਹ ਬਹੁਤ ਹੀ ਫਾਇਦਾ ਕਰੇਗੀ। ਮੁਲਾ ਮਾਂ ਵਾਸਤੇ ਕੈ ਲੇਸ ਇੰ ਰੈਂਸ, ਇਹ ਵੀ ਇੱਕ ਨਵਾਂ ਅਤੇ ਹਿਸਟੋਰਿਕ ਸਟੈੱਪ ਹੈ ਜਿਸ ਦਾ ਫਾਇਦਾ ਸਾਰੇ ਮੁਲਾ ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਹੋਵੇਗਾ।

ਮਾਨਯੋਗ ਸਪੀਕਰ ਸਾਹਿਬ, ਲਾਅ ਐਂਡ ਆਰਡਰ ਜੋ ਕਿ ਸੂਬੇ ਵਾਸਤੇ ਸਭ ਤੋਂ ਅਹਿਮ ਹੁੰਦਾ ਹੈ, ਵੈਸੇ ਤਾਂ ਮੈ ਖੁ ੀ ਹੈ ਔਰ ਮੈਂ ਮੁੱਖ ਮੰਤਰੀ ਸਾਹਿਬ ਵਧਾਈ ਦੇਣੀ ਚਾਹਾਂਗਾ ....

ਸਰਦਾਰ ਤੋਤਾ ਸਿੰਘ : ਸਪੀਕਰ ਸਾਹਿਬ, ਹੋਰ ਵੀ ਬੁਲਾਰਿਆਂ ਨੇ ਬੋਲਣਾ ਹੈ। ਟਾਈਮ ਫਿਕਸ ਕਰ ਦਿਉ ਜੀ। ਹੋਰ ਬਹੁਤ ਬੋਲਣ ਵਾਲੇ ਹਨ।

ਮਾਨਯੋਗ ਸਪੀਕਰ : ਕਰਦੇ ਹਾਂ ਜੀ। ਕਿਉਂਕਿ ਉਹ ਫਸਟ ਸਪੀਕਰ ਹੈ, ਇਸ ਲਈ ਉਨ੍ਹਾਂ ਲਈ ਥੋੜ੍ਹਾ ਜਿਹਾ ਲੀਨੀਐਂਟ ਹੋਣਾ ਸੀ। ਚੀਮਾ ਜੀ, ਹੋਰਨਾਂ ਨੇ ਵੀ ਬੋਲਣਾ ਹੈ ਜੀ, ਇਸ ਕਰਕੇ ਜਲਦੀ ਸਪੀਚ ਖਤਮ ਕਰ ਦਿਉ ਜੀ।

ਡਾਕਟਰ ਦਲਜੀਤ ਸਿੰਘ ਚੀਮਾ : ਮੈ ਤਾਂ ਲੱਗਦਾ ਹੈ ਜੀ ਕਿ ਪੂਰੇ ਨਹੀਂ ਹੋਣੇ।

ਮਾਨਯੋਗ ਸਪੀਕਰ : ਠੀਕ ਹੈ। ਬੋਲੋ, Continue.

ਡਾਕਟਰ ਦਲਜੀਤ ਸਿੰਘ ਚੀਮਾ : ਕੋਈ ਨਹੀਂ ਜੀ, ਤੁਸੀਂ ਜਦੋਂ ਕਹੋਗੇ ਮੈਂ ਬੰਦ ਕਰ ਦਵਾਂਗਾ।

ਮਾਨਯੋਗ ਸਪੀਕਰ : ਤੁਸੀਂ ਜਲਦੀ ਕਲੋ ਕਰ ਲਉ ਕਿਉਂਕਿ ਬੋਲਣ ਵਾਲੀ ਲਿਸਟ ਲੰਬੀ ਹੋ ਗਈ ਹੈ।

ਡਾਕਟਰ ਦਲਜੀਤ ਸਿੰਘ ਚੀਮਾ : ਸਾਡੇ ਬਾਕੀ ਬੁਲਾਰਿਆਂ ਨੇ ਵੀ ਬੋਲਣਾ ਹੈ, ਇਸ ਲਈ ਬਾਕੀ ਹਾਈਲਾਈਟਸ ਮੈਂ ਉਨ੍ਹਾਂ ਤੇ ਛੱਡ ਦਿੰਦਾ ਹਾਂ। ਤਕਰੀਬਨ ਜਿੰਨੇ ਵੀ ਡਿਪਾਰਟਮੈਂਟਸ ਹਨ, ਉਨ੍ਹਾਂ ਵਿੱਚ ਬਜਟ ਐਲੋਕੇ ਨ ਇਸ ਵਾਰ ਪਿਛਲੇ ਸਾਲਾਂ ਨਾਲੋਂ ਬਿਹਤਰ ਹੋਈ ਹੈ ਅਤੇ ਮੈਂ ਸਮਝਦਾ ਹਾਂ ਕਿ ਇਸ ਨਾਲ ਸਾਰੇ ਹੀ ਡਿਪਾਰਟਮੈਂਟਾਂ ਦੀ ਕਾਰਗੁ ਾਰੀ ਇੰਪਰੂਵ ਹੋਵੇਗੀ। ਲੇਕਿਨ ਹੁਣ ਮੈਂ ਕੁਝ ਅਹਿਮ ਮੁੱਦੇ ਜੋ ਸੂਬੇ ਦੀ ਆਰਥਿਕਤਾ ਦੇ ਨਾਲ ਵੀ ਸਬੰਧ ਰੱਖਦੇ ਹਨ ਔਰ ਜਿਹੜੇ ਸੰਵਿਧਾਨਿਕ ਤੌਰ ਤੇ ਵੀ ਸਾਡੇ ਵਾਸਤੇ ਬਹੁਤ ਅਹਿਮ ਹਨ, ਜਿਨ੍ਹਾਂ ਦਾ ਸਬੰਧ ਸਾਡੇ ਦੇ ਦਾ ਜਿਹੜਾ ਫੈਡਰਲ ਸੱਟ੍ਰਕਚਰ ਹੈ, ਉਸ ਨਾਲ ਜੁੜਿਆ ਹੋਇਆ ਹੈ, ਉਹ ਵੀ ਮੈਂ ਤੁਹਾਡੇ ਸਾਹਮਣੇ ਰੱਖਣਾ ਚਾਹਾਂਗਾ। ਮਾਨਯੋਗ ਸਪੀਕਰ ਸਾਹਿਬ, ਜਦੋਂ ਵੀ ਸੂਬਿਆਂ ਦਾ ਬਜਟ ਪੇ ਕੀਤਾ ਜਾਂਦਾ ਹੈ ਜਾਂ ਜਦੋਂ ਵੀ ਅਸੀਂ ਸੂਬਿਆਂ ਦੀਆਂ ਵਿੱਤੀ ਪ੍ਰਸਥਿਤੀਆਂ ਬਾਰੇ ਵਿਚਾਰ ਕਰਦੇ ਹਾਂ ਤਾਂ ਇੱਕ ਗੱਲ ਸਾਹਮਣੇ ਆਉਂਦੀ ਹੈ ਕਿ ਜਿਸ ਭਾਵਨਾ ਦੇ ਨਾਲ ਸਾਡੇ ਸੰਵਿਧਾਨ ਦੇ ਨਿਰਮਾਤਾਵਾਂ ਨੇ ਸਾਡਾ ਕਾਂਸਟੀਚਿਊ ਨ ਤਿਆਰ ਕੀਤਾ ਸੀ, ਉਸ ਇਮਾਨਦਾਰੀ ਨਾਲ ਇਸ ਲਾਗੂ ਕੀਤਾ ਗਿਆ। ਸਭ ਤੋਂ ਵੱਡੀ ਗੱਲ devolution of taxes ਹੈ ਅਤੇ ਉਸਦਾ ਸਿਸਟਮ ਇਹ ਹੈ ਕਿ 68% ਕੁਲੈਕ ਨ ਕੇਂਦਰ ਸਰਕਾਰ ਜਾਂਦੀ ਹੈ ਅਤੇ 32% ਸਾਡੇ ਸੂਬਿਆਂ ਦੇ ਕੋਲ ਰਹਿ ਜਾਂਦੀ ਹੈ। ਜਦੋਂ ਇਹ ਪੈਸਾ ਵਾਪਸ ਸਟੇਟਾਂ ਜਾਂਦਾ ਹੈ ਤਾਂ ਸਾ ਇਸ ਵਿੱਚੋਂ ਸਿਰਫ 1.389% ਹਿੱਸਾ ਮਿਲਦਾ ਹੈ। ਬਹੁਤ ਵਾਰੀ ਨੈ ਨਲ ਲੈਵਲ ਤੇ ਜਦੋਂ ਵੀ ਕਦੇ ਮੁੱਖ ਮੰਤਰੀ ਸਾਹਿਬਾਨਾਂ ਦੀਆਂ ਮੀਟਿੰਗਾਂ ਹੋਈਆਂ ਹਨ, ਇਕੱਲਾ ਵਿਰੋਧੀ ਪਾਰਟੀਆਂ ਦੇ ਚੀਫ ਮਨਿਸਟਰ ਸਾਹਿਬਾਨਾਂ ਨੇ ਹੀ ਨਹੀਂ ਬਲਕਿ ਜਿਹੜੀਆਂ ਯੂ.ਪੀ.ਏ. ਦੀਆਂ ਆਪਣੀਆਂ ਸਰਕਾਰਾਂ ਹਨ, ਕਾਂਗਰਸ ਦੀਆਂ ਆਪਣੀਆਂ ਸਰਕਾਰਾਂ ਹਨ, ਉਨ੍ਹਾਂ ਦੇ ਮੁੱਖ ਮੰਤਰੀਆਂ ਨੇ ਵੀ ਇਹ ਮੰਗ ਕੀਤੀ ਹੈ ਕਿ ਇਹ ਹਿੱਸਾ ਘੱਟੋ-ਘੱਟ 50-50 ਪ੍ਰਤੀ ਤ ਹੋਣਾ ਚਾਹੀਦਾ ਹੈ ਤਾਂ ਹੀ ਸਾਡੇ ਸੂਬਿਆਂ ਦੇ ਹਾਲਾਤ ਸੁਧਰ ਸਕਦੇ ਹਨ। ਲੇਕਿਨ ਸਾ ਅਫਸੋਸ ਹੈ ਕਿ ਇਸ ਪਾਸੇ ਹਾਲੇ ਕੋਈ ਪ੍ਰਾਪਤੀ ਨਹੀਂ ਹੋਈ ਹੈ। ਇੱਕ ਗੱਲ ਹੋਰ ਜਿਸ ਬਾਰੇ ਮੈਂ ਥੋੜ੍ਹੇ ਦਿਨ ਪਹਿਲਾਂ ਵਿਸਥਾਰ ਵਿੱਚ ਿ ਕਰ ਕੀਤਾ ਸੀ, ਅੱਜ ਮੈਂ ਸਿਰਫ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੈਂਟਰਲੀ ਸਪਾਂਸਰਡ ਸਕੀਮਾਂ ਹਨ ਜਿਨ੍ਹਾਂ ਬਾਰੇ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੇ ਕੁਝ ਦਿਨ ਪਹਿਲਾਂ ਸਦਨ ਵਿਚ ਕਿਹਾ ਸੀ ਕਿ ਇਹ ਬੰਦ ਕਰ ਦੇਣੀਆਂ ਚਾਹੀਦੀਆਂ ਹਨ ਕਿਉਂਕਿ ਸੂਬਿਆਂ ਦੇ ਸਮਾਜਿਕ, ਵਿੱਤੀ, ਭੂਗੋਲਿਕ ਅਤੇ ਉਥੇ ਦੇ ਹਾਲਾਤਾਂ ਦੇ ਮੁਤਾਬਿਕ ਇਹ ਸਕੀਮਾਂ ਨਾ ਹੋਣ ਕਰਕੇ ਬਹੁਤ ਸਾਰਾ ਕੌਮੀ ਸਰਮਾਇਆ ਇਸਦੇ ਵਿੱਚ ਬਰਬਾਦ ਹੋ ਰਿਹਾ ਹੈ। ਇਸ ਕਰਕੇ ਕੇਂਦਰ ਸਰਕਾਰ ਇਹ ਸਕੀਮਾਂ ਬੰਦ ਕਰਕੇ ਲੋਕਾਂ ਸਿੱਧੇ ਪੈਸੇ ਦੇਣੇ ਚਾਹੀਦੇ ਹਨ। ਲੇਕਿਨ ਸਾ ਅਫਸੋਸ ਹੈ ਕਿ ਇਨ੍ਹਾਂ ਕੇਂਦਰੀ ਸਕੀਮਾਂ ਦੀ ਗਿਣਤੀ ਘਟਣ ਦੀ ਬਜਾਏ ਵਧਦੀ ਜਾ ਰਹੀ ਹੈ। ਇਸ ਲਈ ਇਸ ਪਾਸੇ ਵੀ ਬਹੁਤ ਧਿਆਨ

ਕੇਂਦਰ ਸਰਕਾਰ ਦ ਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜਿਹੜੇ ਫਾਰਮੂਲੇ ਬਣੇ ਹਨ, ਚਾਹੇ ਗੈਡਗਿੱਲ ਫਾਰਮੂਲਾ ਹੈ ਜਾਂ ਕੋਈ ਹੋਰ ਹੈ ਉਸ ਵਿੱਚ ਜਿਹੜੇ ਸੂਬਿਆਂ ਨੇ ਬਿਹਤਰ ਪਰਫਾਰਮ ਕੀਤਾ ਹੈ, ਉਨ੍ਹਾਂ ਹਮੇ ਾ ਨੁਕਸਾਨ ਹੋਇਆ ਹੈ। ਪੰਜਾਬ ਬਾਰੇ ਆਪਾਂ ਜਾਣਦੇ ਹਾਂ ਕਿ ਪੰਜਾਬ ਸਰਹੱਦੀ ਖੇਤਰ ਹੈ ਅਤੇ ਬਹੁਤ ਵੱਡਾ ਹਿੱਸਾ ਬਾਰਡਰ ਦੇ ਨਾਲ ਲਗਦਾ ਹੈ। ਇੱਥੇ 29% ਪਾਪੂਲ ਨ ਡਿਊਲਡ ਕਾਸਟਸ ਦੀ ਹੈ ਜਿਹੜੀ ਕਿ ਸਾਰੇ ਹਿੰਦੁਸਤਾਨ ਨਾਲੋਂ ਵੱਧ ਹੈ। ਲੇਕਿਨ ਜਦੋਂ ਪਲਾਨ ਦੀ ਗੱਲ ਆਉਂਦੀ ਹੈ, ਉਦੋਂ ਇਨ੍ਹਾਂ ਗੱਲਾਂ ਦਾ ਧਿਆਨ ਨਹੀਂ ਰੱਖਿਆ ਜਾਂਦਾ।

ਮਾਨਯੋਗ ਸਪੀਕਰ : ਧੰਨਵਾਦ।

ਡਾਕਟਰ ਦਲਜੀਤ ਸਿੰਘ ਚੀਮਾ : ਅਸੀਂ ਦੋ ਜੰਗਾਂ ਵੀ ਦੇਖੀਆਂ ਅਤੇ ਪੰਜਾਬ ਨੇ ਮਿਲੀਟੈਂਸੀ ਦਾ ਲੰਬਾ ਪੀਰੀਅਡ ਵੀ ਦੇਖਿਆ ਹੈ ਲੇਕਿਨ ਇਸ ਸਿਚੁਏ ਨ ਵਿੱਚ ਪੰਜਾਬ ਦੀ ਹੈਲਪ ਕਰਨ ਦੀ ਬਜਾਏ ਉਲਟਾ ਸਾਡੇ ਗੁਆਂਢੀ ਸੂਬਿਆਂ ਜਿਹੜੀਆਂ ਕਨਸੈਂ ਨਜ ਦਿੱਤੀਆਂ ਜਾਂਦੀਆਂ ਹਨ, ਉਸ ਨਾਲ ਸਾਡਾ ਬਹੁਤ ਨੁਕਸਾਨ ਹੁੰਦਾ ਹੈ। ਮਾਨਯੋਗ ਸਪੀਕਰ ਸਾਹਿਬ, ਬਸ ਦੋ-ਚਾਰ ਮਿੰਟ ਹੀ ਹੋਰ ਬੋਲਣਾ ਹੈ। ਪਾਕਿਸਤਾਨ ਵਿੱਚ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਜਾ ਕੇ ਆਏ ਹਨ, ਉਸ ਨਾਲ ਵਪਾਰ ਦਾ ਮੁੱਦਾ ਸਾਡੇ ਸੂਬੇ ਦੀ ਆਰਥਿਕਤਾ ਦੇ ਨਾਲ ਬਹੁਤ ਨੇੜੇ ਤੋਂ ਜੁੜਿਆ ਹੋਇਆ ਹੈ, ਮੈਂ ਤੁਹਾਡੇ ਰਾਹੀਂ ਮੰਗ ਕਰਦਾ ਹਾਂ ਕਿ ਕੇਂਦਰ ਸਰਕਾਰ ਇਸ ਪਾਸੇ ਵੱਧ ਧਿਆਨ ਦੇਣਾ ਚਾਹੀਦਾ ਹੈ। ਅਟਾਰੀ ਰਸਤੇ ਰਾਹੀਂ ਵੱਧ ਤੋਂ ਵੱਧ ਵਪਾਰ ਕਰਨ ਲਈ ਸੌਖਾ ਰਸਤਾ ਖੁਲ੍ਹਣਾ ਚਾਹੀਦਾ ਹੈ। ਇਸ ਦੇ ਨਾਲ ਹੀ ਇਕ ਨਵੀਂ ਪਾਲਿਸੀ, ਜੀ.ਐਸ.ਪੀ., ਕੇਂਦਰ ਸਰਕਾਰ ਵੱਲੋਂ ਇੰਟਰੋਡਿਊਸ ਕੀਤੀ ਜਾ ਰਹੀ ਹੈ। ਮੈਂ ਸਮਝਦਾ ਹਾਂ ਕਿ ਉਹ ਵੀ ਟੈਕਸ ਰਿਫਾਰਮ ਦੇ ਖਿਲਾਫ ਨਹੀਂ ਹੈ ਲੇਕਿਨ ਸੂਬਿਆਂ ਵੱਡੀ ਚਿੰਤਾ ਇਹ ਹੈ ਕਿ ਕੇਂਦਰ ਸਰਕਾਰ ਪਹਿਲਾਂ ਸੂਬਿਆਂ ਇਹ ਤਾਂ ਯਕੀਨੀ ਬਣਾਵੇ ਕਿ ਜਿਹੜਾ ਉਨ੍ਹਾਂ ਟੈਕਸਾਂ ਵਿੱਚੋਂ ਮੌਜੂਦਾ ਹਿੱਸਾ ਮਿਲਦਾ ਹੈ, ਉਹ ਆਉਣ ਵਾਲੇ ਸਮੇਂ ਵਿੱਚ ਨਹੀਂ ਘਟੇਗਾ।

ਜਿਨ੍ਹਾਂ ਕੇਂਦਰਾਂ ਵਿੱਚ ਫੈਡਰਲਿ ਮ ਦੇ ਮੁਤਾਬਿਕ ਕੇਂਦਰ ਟੈਕਸ ਨਹੀਂ ਲਗਾ ਸਕਦਾ ਉਨ੍ਹਾਂ ਵਿੱਚੋਂ ਿਆਦਾ ਇੰਪਾਰਟੈਂਟ ਹੈ, ਵੈਟ। ਜਿਵੇਂ ਸਟੇਟ ਰਿਟੇਲ ਦੇ ਉਪਰ ਟੈਕਸ ਲਗਾ ਸਕਦੀ ਹੈ ਪਰ ਹੌਲੀ ਹੌਲੀ ਇਹ ਜਿਹੜਾ ਸਟੇਟ ਦਾ ਡੋਮੇਨ ਹੈ ਇਸ ਕੇਂਦਰ ਸਰਕਾਰ ਆਪਣੇ ਕਬੇ ਵਿੱਚ ਲੈਣ ਦੀ ਕੋਿ ਵਿੱਚ ਹੈ। ਅੱਜ ਜੇਕਰ ਸਾਡੀ ਸਟੇਟ ਫਾਈਨਾਂ ੀਅਲ ਤੌਰ ਤੇ ਬਚੀ ਹੈ ਤਾਂ ਜਿਹੜੀ ਵੈਟ ਦੀ ਕੁਲੈਕ ਨ 3●,●●● ਕਰੋੜ ਰੁਪਏ ਦੀ ਹੋਈ ਹੈ, ਉਸ ਦੇ ਕਾਰਨ ਬਚੀ ਹੈ। ਸਾਰੀਆਂ ਸਟੇਟਾਂ ਟੈਕਸ ਕੁਲੈਕ ਨ ਦੇ ਮਾਮਲੇ ਵਿੱਚ ਇਕੋ ਜਿਹਾ ਪ੍ਰੋਫਾਰਮ ਨਹੀਂ ਕਰਦੀਆਂ। ਇਸ ਕਰਕੇ ਦੂਜੀਆਂ ਸਟੇਟਾਂ ਦਾ ਨੁਕਸਾਨ ਪੰਜਾਬ ਨਾ ਭੁਗਤਣਾ ਪਵੇ ਇਸ ਵਾਸਤੇ ਇਹ ਸਾਰੀਆਂ ਚੀ ਾਂ ਪਹਿਲਾਂ ਧਿਆਨ ਦੇ ਕੇ ਬਾਕੀ ਸੂਬਿਆਂ ਦੇ ਨਾਲ ਡਿਸਕਸ ਕਰਨੀਆਂ ਚਾਹੀਦੀਆਂ ਹਨ। ਮਾਨਯੋਗ ਸਪੀਕਰ ਸਾਹਿਬ ਅਖੀਰ ਵਿੱਚ ਮੈਂ ਇਹ

[ਡਾਕਟਰ ਦਲਜੀਤ ਸਿੰਘ ਚੀਮਾ]

ਵੀ ਬੇਨਤੀ ਕਰਨੀ ਚਾਹਾਂਗਾ ਕਿ ਅੰਮ੍ਰਿਤਸਰ ਦਾ ਏਅਰਪੋਰਟ ਸਾਡੀ ਇਕਾਨਮੀ ਦਾ ਇਕ ਅੱਛਾ ਸਾਧਨ ਬਣ ਸਕਦਾ ਹੈ। ਲੇਕਿਨ ਇਸ ਵਿੱਚ ਵੀ ਰਾਜਨੀਤੀ ਚਲਦੀ ਹੈ। ਮਾੜੀ ਰਾਜਨੀਤੀ ਛੱਡ ਕੇ ਸੂਬੇ ਥੱਲੇ ਲਾਉਣ ਦੀ ਬਜਾਏ ਇਸ ਇੰਟਰਨੈ ਨਲ ਏਅਰ ਪੋਰਟ ਰਾਹੀਂ ਵਪਾਰ ਐਨਕ੍ਰ ਜ ਕਰਨਾ ਚਾਹੀਦਾ ਹੈ।

ਮਾਨਯੋਗ ਸਪੀਕਰ : ਧੰਨਵਾਦ।

ਡਾਕਟਰ ਦਲਜੀਤ ਸਿੰਘ ਚੀਮਾ : ਜਿਹੜੀ ਕੇਂਦਰ ਦੀ ਸਰਕਾਰ ਹੈ ਇਸ ਆਪਣੀਆਂ ਸੰਵਿਧਾਨਿਕ ਿ ਮੇਵਾਰੀਆਂ ਰੂਰ ਸਮਝਣੀਆਂ ਚਾਹੀਦੀਆਂ ਹਨ। ਇਸ ਸੂਬਿਆਂ ਦੇ ਨਾਲ ਇਕਨਾਮਿਕ ਤੌਰ ਤੇ ਵੀ ਅਤੇ ਪੁਲੀਟੀਕਲ ਤੌਰ ਤੇ ਵੀ ਜਸਟਿਸ ਕਰਨਾ ਚਾਹੀਦਾ ਹੈ। ਕੇਂਦਰ ਹਰ ਫਰੰਟ ਤੇ ਸੂਬਿਆਂ ਦੇ ਨਾਲ ਜਸਟਿਸ ਕਰਨਾ ਚਾਹੀਦਾ ਹੈ। ਅੱਜ ਸਾਡੇ ਆਪੋ ੀ ਨ ਵਾਲੇ ਵੀਰ ਬੈਠੇ ਨਹੀਂ ਹਨ। ਮੈਂ ਉਨ੍ਹਾਂ ਦੇ ਸਾਹਮਣੇ ਇਹ ਗੱਲ ਕਰਨੀ ਸੀ ਕਿਉਂਕਿ ਇਹ ਵੈਨਡੈੱਟਾ ਦੀ ਬਹੁਤ ਗੱਲ ਕਰਦੇ ਹਨ। ਕੱਲ੍ਹ ਡੀ.ਐਮ.ਕੇ. ਦੀ ਸਰਕਾਰ ਨੇ ਇਨ੍ਹਾਂ ਤੋਂ ਆਪਣੀ ਸਪੋਰਟ ਵਿਦਡਰਾਅ ਕਰ ਲਈ। ਰਾਤ ਉਹ ਆਪਣੀ ਸਪੋਰਟ ਵਿਦਡਰਾਅ ਕਰਦੇ ਹਨ ਅਤੇ ਸਵੇਰੇ ਸਟਾਲਿਨ ਦੇ ਘਰ ਸੀ.ਬੀ.ਆਈ. ਛਾਪਾ ਮਾਰਦੀ ਹੈ। ਇਹ ਅਖਬਾਰ ਮੇਰੇ ਕੋਲ ਹੈ। ਇਸ ਉਤੇ ਹੈਡਿੰਗ ਲਿਖਿਆ ਹੋਇਆ ਹੈ, ਇਕੱਲਾ ਹੈਡਿੰਗ ਹੀ ਬਹੁਤ ਹੈ "Egg on Govt's face after C.B.I. raids Stalin's Home in Chennai " ਅੱਜ ਜੇ ਸਾਡੇ ਵੀਰ ਬੈਠ ਹੁੰਦੇ ਤਾਂ ਮੈਂ ਇਨ੍ਹਾਂ ਅ ਬਾਰ ਦੇਣੀ ਸੀ ਅਤੇ ਕਹਿਣਾ ਸੀ ਕਿ ਤੁਸੀਂ ਜਾ ਕੇ ਦਿੱਲੀ ਅ ਬਾਰ ਦਿਖਾ ਕੇ ਆਓ ਕਿ ਅਸਲ ਵਿੱਚ ਵੈਨਡੈਟਾ ਦੀ ਰਾਜਨੀਤੀ ਕੌਣ ਕਰਦਾ ਹੈ? ਇਸ ਕਰਕੇ ਜੇ ਇਸੇ ਤਰ੍ਹਾਂ ਦੀ ਰਾਜਨੀਤੀ ਦੇ ਵਿੱਚ ਚੱਲਣੀ ਹੈ ਤਾਂ ਉਸ ਕੰਡੈਮ ਕਰਨਾ ਚਾਹੀਦਾ ਹੈ। ਕੇਂਦਰ ਸਰਕਾਰ ਦੀ ਡਿਊਟੀ ਬਣਦੀ ਹੈ ਕਿ ਰਾਜਾਂ ਦੇ ਜਿਹੜੇ ਅਧਿਕਾਰ ਹਨ, ਉਨ੍ਹਾਂ ਦਾ ਸਤਿਕਾਰ ਕੀਤਾ ਜਾਵੇ। ਚਾਹੇ ਉਹ ਹੈਲਥ ਦੇ ਹਨ ਜਾਂ ਲਾਅ ਐਂਡ ਆਰਡਰ ਦੇ ਹਨ।

ਸਟੇਟਾਂ 50% ਹਿੱਸਾ ਦੇ ਕੇ ਆਰਥਿਕ ਤੌਰ ਤੇ ਸਮਰੱਥ ਬਣਾਉਣਾ ਚਾਹੀਦਾ ਹੈ। ਇਨ੍ਹਾਂ ਬਦਾਂ ਨਾਲ ਜਿਹੜਾ ਬਜਟ ਵਿੱਤ ਮੰਤਰੀ, ਸਰਦਾਰ ਪਰਮਿੰਦਰ ਸਿੰਘ ਜੀ ਢੀਂਡਸਾ ਨੇ ਪੇ ਕੀਤਾ ਸੀ, ਉਸ ਦੀ ਪ੍ਰੋੜ੍ਹਤਾ ਕਰਦਾ ਹੋਇਆ, ਉਸ ਦਾ ਸਮਰਥਨ ਕਰਦਾ ਹੋਇਆ ਸਾਰਿਆਂ ਬੇਨਤੀ ਕਰਦਾ ਹਾਂ ਕਿ ਇਸ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ।

ਧੰਨਵਾਦ। (ਥੰਪਿੰਗ)

ਮਾਨਯੋਗ ਸਪੀਕਰ : ੍ਰੀ ਅਨਿਲ ਜੋ ੀ ਜੀ। ਦਸ ਤੋਂ ਬਾਰ੍ਹਾਂ ਮਿੰਟ ਤੱਕ। ਜਿੰਨੇ ਮੇਰੇ ਕੋਲ ਨਾਂ ਆਏ ਹਨ, ਮੈਂ ਸਾਰਿਆਂ ਦਾ ਸਮਾਂ ਡਿਵਾਈਡ ਕਰ ਦਿੱਤਾ ਹੈ। ਇਸ ਕਰਕੇ ਦਸ ਤੋਂ

ਬਾਰ੍ਹਾਂ ਮਿੰਟ ਵਿੱਚ ਆਪਣੀ ਸਪੀਚ ਕਨਕਲੂਡ ਕਰ ਲੈਣਾ।

ਉਦਯੋਗ ਤੇ ਵਣਜ ਮੰਤਰੀ (ੀ ਅਨਿਲ ਜੋ ੀ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿਉਂਕਿ ਤੁਸੀਂ ਮੈ ਸਾਡੇ ਸਾਥੀ ਸਰਦਾਰ ਪਰਮਿੰਦਰ ਸਿੰਘ ਜੀ ਢੀਂਡਸਾ ਵੱਲੋਂ ਜੋ ਬਜਟ ਪੇ ਕੀਤਾ ਗਿਆ ਹੈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਬਾਕੀ, ਪੂਰੇ ਸੈ ਨ ਵਿੱਚ ਇਹ ਅੰਸੋਸ ਰੂਰ ਰਿਹਾ ਹੈ ਕਿਉਂਕਿ ਸਾਹਮਣੇ ਵਿਰੋਧੀ ਧਿਰ ਮੌਜੂਦ ਨਹੀਂ ਰਹੀ। ਵਿਰੋਧੀ ਧਿਰ ਨੇ ਹੀ ਸਵਾਲ ਉਠਾਉਣੇ ਹੁੰਦੇ ਹਨ ਅਤੇ ਸਰਕਾਰ ਨੇ ਜਵਾਬ ਦੇਣੇ ਹੁੰਦੇ ਹਨ। ਜਿਹੜਾ ਢੀਂਡਸਾ ਜੀ ਨੇ ਬਹੁਤ ਵਧੀਆ ਬਜਟ ਪੇ ਕੀਤਾ ਹੈ, ਉਸ ਉਪਰ ਬਹਲਣ ਵਾਸਤੇ ਵਿਰੋਧੀ ਧਿਰ ਕੋਲ ਕੋਈ ਗੱਲ ਨਹੀਂ ਸੀ । ਬਾਹਰ ਵੀ ਇਹ ਬਜਟ ਦੀ ਗੱਲ ਕਰਦੇ ਹਨ, ਜਿਹੜੀ ਮੋਕ ਅਸੈਂਬਲੀ ਉਨ੍ਹਾਂ ਨੇ ਲਗਾਈ ਹੈ, ਉਸ ਵਿੱਚ ਬਿਨਾਂ ਟੈਕਸ ਵਾਲਾ ਬਜਟ ਪੇ ਕਰਨ ਦੀ ਗੱਲ ਕਰਦੇ ਹਨ ਪਰ ਉਹ ਕਿੰਤੂ ਇਸ ਬਜਟ ਤੇ ਕਹਈ ਵੀ ਨਹੀਂ ਕਰ ਸਕਦੇ । ਚੰਗਾ ਜੇ ਇਹ ਸਾਹਮਣੇ ਹੁੰਦੇ, ਹੈਲਦੀ ਬਹਿਸ ਹੁੰਦੀ, ਡਿਸਕ ਨ ਹੁੰਦੀ। ਇਹ ਪੰਜਾਬ ਵਾਸਤੇ ਬਹੁਤ ਵੱਡੀ ਰਾਹਤ ਵਾਲੀ ਗੱਲ ਹੋਣੀ ਸੀ ਕਿਉਂਕਿ ਬਜਟ ਸੈ ਨ ਬਹੁਤ ਇੰਪਾਰਟੈਂਟ ਹੁੰਦਾ ਹੈ। ਇਸ ਵਿੱਚ ਸਾਰੇ ਸਾਲ ਦੀ ਪਲਾਨਿੰਗ ਹੁੰਦੀ ਹੈ। ਲੋਕਾਂ ਦੇ ਬਹੁਤ ਸਾਰੇ ਮੁੱਦਿਆਂ ਤੇ ਡਿਸਕ ਨ ਹੋਣੀ ਹੁੰਦੀ ਹੈ ਪਰ ਉਨ੍ਹਾਂ ਨੇ ਲੋਕਤੰਤਰੀ ਪ੍ਰੰਪਰਾਵਾਂ ਦਾ ਘਾਣ ਕੀਤਾ ਹੈ। ਇਹ ਆਪਣੇ ਆਪ ਨੂੰ ਸਭ ਤੋਂ ਵੱਡੇ ਦੇ ਭਗਤ ਅਖਵਾਉਂਦੇ ਹਨ ਪਰ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਪੰਜਾਬ ਵਿਰੋਧੀ ਅਤੇ ਦੇ ਵਿਰੋਧੀ ਕੰਮ ਕੀਤਾ ਹੈ। ਸਪੀਕਰ ਸਾਹਿਬ, ਉਹ ਤੁਹਾਡੀ ਕੁਰਸੀ ਤੇ ਚੜ੍ਹ ਗਏ ਤੇ ਬਿਨਾਂ ਪਰਮਿ ਨ ਤੋਂ, ਬਿਨਾਂ ਪਾਸ ਦੇ ਅੰਦਰ ਕਿਸੇ ਨੂੰ ਲੈ ਕੇ ਆਉਣਾ, ਕਿੰਨਾ ਵੱਡਾ ਜੁਰਮ ਹੈ। ਜੇ ਸਾਰੇ ਹੀ ਇਸ ਤਰ੍ਹਾਂ ਕਰਨ ਲੱਗ ਪੈਣ ਤਾਂ ਕੋਈ ਵੀ ਮੰਦਭਾਗੀ ਦੁਰਘਟਨਾ ਹੋ ਸਕਦੀ ਹੈ ਪਰ ਉਨ੍ਹਾਂ ਨੇ ਇਹ ਵੀ ਵਿਚਾਰ ਨਹੀਂ ਕੀਤੀ। ਵਾਚ ਐਂਡ ਵਾਰਡ ਸਟਾਂ ਤੇ ਕਿਸ ਤਰ੍ਹਾਂ ਘਸੁੰਨ ਫੇਰੇ, ਇਸ ਨੂੰ ਸਾਰੇ ਪੰਜਾਬ ਨੇ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਨੇ ਵੇਖਿਆ ਹੈ ਅਤੇ ਕਿਸ ਤਰ੍ਹਾਂ ਹਾਊਸ ਵਿਚਲੇ ਵਾਚ ਐਂਡ ਵਾਰਡ ਸਟਾਂ ਨਾਲ ਿ ਆਦਤੀ ਕੀਤੀ। ਪਫ੍ਰਟੈਸਟ ਤਾਂ ਹਮੇ ਾ ਹੀ ਹੁੰਦਾ ਹੈ ਪਰ ਮੈਂ ਆਪ ਵ ਖਿਆ ਹੈ ਕਿ ਸਟਾਂ ਵਾਲੇ ਹੱਥ ਜੋੜ ਰਹੇ ਸੀ ਅਤੇ ਇਹ ਘਸੁੰਨ ਫੇਰ ਰਹੇ ਸੀ। ਇੰਨੀ ਬ ਰਮੀ ਭਰੀ ਰਵਾਇਤ ਇਨ੍ਹਾਂ ਨੇ ਕਾਇਮ ਕੀਤੀ ਹੈ। ਆਪਣੇ ਕੀਤੇ ਤੇ ਰਾ ਵੀ ਅੰਸੋਸ ਾਹਰ ਨਹੀ ਕੀਤਾ ਸਗੋਂ ਆਪਣੀ ਈਗੋ, ਆਪਣੀ ਹਉਮੈ ਲੈ ਕੇ ਬਾਹਰ ਬੈਠੇ ਹਨ। ਇੱਕ ਵਾਰ ਨਹੀਂ ਸੋਚਿਆ ਕਿ ਪੰਜਾਬ ਦੇ ਲੋਕਾਂ ਕਰਕੇ, ਪੰਜਾਬ ਦੇ ਹਿਤਾਂ ਕਰਕੇ ਇੱਕ ਲਫ ਆ ਕੇ ਬੋਲ ਦ ਈਏ ਕਿ ਗਲਤੀ ਹੋ ਗਈ। ਆਪਣੀ ਗਲਤੀ ਇੱਧਰ-ਉੱਧਰ ਮੰਨਦੇ ਵੀ ਹਨ ਕਿ ਅਸੀਂ ਠੀਕ ਨਹੀਂ ਕੀਤਾ ਪਰ ਪੰਜਾਬ ਦੇ ਹਿਤ ਵਾਸਤੇ ਹਾਊਸ ਵਿੱਚ ਇੱਕ ਲਫ ਗਲਤੀ ਹੋ ਗਈ, ਕਹਿਣ ਨੂੰ ਤਿਆਰ ਨਹੀਂ ਹਫ਼ਏ ਤੇ ਪੰਜਾਬ ਦਾ ਕਿੰਨਾ ਵੱਡਾ ਨੁਕਸਾਨ ਕੀਤਾ ਹੈ। ਬਾਕੀ, ਲਫ਼ਕ ਇਨ੍ਹਾਂ ਨੂੰ ਰੂਰ ਸਬਕ ਸਿਖਾਉਣਗੇ ਕਿਉਂਕਿ ਸਭ ਨੇ ਅੱਖਾਂ ਨਾਲ ਵੇਖਿਆ ਹੈ। ਇਹ ਸਰਕਾਰ ਦੇ ਖਿਲਾਂ ਧੱਕੇ ਦੀਆਂ ਗੱਲਾਂ ਕਰਦੇ ਹਨ ਤੇ ਬਹੁਤ ਸਾਰੀਆਂ ਹਫ਼ਰ ਗੱਲਾਂ

[ਉਦਯੋਗ ਤੇ ਵਣਜ ਮੰਤਰੀ]

ਕਰਦੇ ਹਨ ਪਰ ਇਨਾਂ ਦਾ ਧੱਕਾ ਪੂਰੇ ਹਿੰਦੁਸਤਾਨ ਨੇ ਟੀ.ਵੀ. ਤੇ ਦੇਖਿਆ ਹੈ, ਪੂਰੀ ਦੁਨੀਆ ਨੇ ਦੇਖਿਆ ਹੈ। ਸਾਡੇ ਉਪਰ ਵੀ ਲਫ਼ਕ ਉਂਗਲ ਕਰਦੇ ਹਨ ਕਿ ਇਹ ਵੀ ਾਇਦ ਇਹਫ਼ ਜਿਹੇ ਹਨ ਪਰ ਇੱਧਰ ਕਫ਼ਈ ਉਕਸਾਵੇ ਵਾਲੀ ਗੱਲ ਨਹੀਂ ਹੈ। ਉਸ ਘਟਨਾਕ੍ਰਮ ਦ ਰਾਨ ਕਿਸੇ ਨੇ ਵੀ ਉਕਸਾਉਣ ਵਾਲੀ ਗੱਲ ਨਹੀਂ ਕੀਤੀ । ਬਾਕੀ ਉਹ ਜੋ ਕਰ ਰਹੇ ਹਨ, ਉਨ੍ਹਾਂ ਨੂੰ ਇਹ ਭੁਗਤਣਾ ਪਵੇਗਾ।

ਸਪੀਕਰ ਸਾਹਿਬ, ਹੁਣ ਮੈਂ ਬਜਟ ਉੱਪਰ ਆਪਣੇ ਵਿਚਾਰ ਦੇਣਾ ਚਾਹੁੰਦਾ ਹਾਂ। ਮੈਂ ਪੰਜਾਬ ਦੇ ਲਫ਼ਕਾਂ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਾਨੂੰ ਦੁਬਾਰਾ ਚੁਣ ਕੇ ਭੇਜਿਆ ਹੈ। ਪਿਛਲੇ ਪੰਜ ਸਾਲ ਅਕਾਲੀ-ਭਾਜਪਾ ਸਰਕਾਰ ਨੇ ਜੋ ਲੋਕਾਂ ਦੀ ਸੇਵਾ ਕੀਤੀ, ਉਸ ਕਰਕੇ ਲਫ਼ਕਾਂ ਨੇ ਸਾਨੂੰ ਦੁਬਾਰਾ ਸੇਵਾ ਕਰਨ ਦਾ ਮ ਕਾ ਦਿੱਤਾ ਹੈ। ਸਿਰਂ ਡਿਵੈਲਪਮੈਂਟ ਦੇ ਮੁੱਦੇ ਕਰਕੇ ਹੀ ਸਾਡੀ ਜਿੱਤ ਨਹੀਂ ਹਫ਼ਈ ਬਲਕਿ ਇਹ ਇੱਕ ਮਫ਼ਹਰ ਹੈ ਕਿ ਅਕਾਲੀ-ਭਾਜਪਾ ਗਠਜਫ਼ੜ ਹਿੰਦੂ-ਸਿੱਖ ਭਾਈਚਾਰੇ ਦੀ ਮਿਸਾਲ ਹੈ ਜਿਸ ਨਾਲ ਪੂਰੇ ਦੇ ਦਾ ਵਾਤਾਵਰਣ ੁੱਧ ਹਫ਼ਇਆ ਹੈ। ਅੱਜ ਦੀ ਡੇਟ ਵਿੱਚ ਪੰਜਾਬ ਵਿੱਚ ਜਿਸ ਤਰ੍ਹਾਂ ਦਾ ਆਪਸੀ ਪ੍ਰੇਮ, ਭਾਈਚਾਰਾ ਵਧਿਆ ਹੈ ਤੇ ਕਿਸੇ ਤਰ੍ਹਾਂ ਦੀ ਜਾਤ-ਪਾਤ ਦੀ ਲੜਾਈ ਨਹੀਂ, ਕਫ਼ਈ ਧਰਮ ਦੀ ਲੜਾਈ ਨਹੀਂ ਹੈ ਇਸ ਨਾਲ ਪੂਰੇ ਹਿੰਦਸਤਾਨ ਵਿੱਚ ਇੱਕ ਮਿਸਾਲ ਪੇ ਕੀਤੀ ਗਈ ਹੈ। ਇਹ ਸੰਭਵ ਤਾਂ ਹੀ ਹਫ਼ ਸਕਿਆ ਹੈ ਕਿਉਂਕਿ ੍ਰਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦਾ ਆਪਸ ਵਿੱਚ ਨਹੁੰ-ਮਾਸ ਦਾ ਰਿ ਤਾ ਹੈ ਤੇ ਇਨ੍ਹਾਂ ਦੀ ਆਪਸ ਵਿਚ ਅਟੁੱਟ ਸਾਂਝ ਹੈ। ਇਹ ਇਸ ਕਰਕੇ ਵੀ ਸੰਭਵ ਹਫ਼ ਸਕਿਆ ਹੈ ਕਿਉਂਕਿ ਪੰਜਾਬ ਹਿੰਦੁਸਤਾਨ ਵਿੱਚੋਂ ਸਭ ਤਫ਼ਂ ਾਂਤ ਸੂਬਾ ਹੈ। ਮੈਂ ਮਾਨਯਫ਼ਗ ਮੁੱਖ ਮੰਤਰੀ ਜੀ, ਉਪ ਮੁੱਖ ਮੰਤਰੀ ਜੀ ਅਤੇ ਵਿੱਤ ਮੰਤਰੀ ਜੀ ਨੂੰ ਬਹੁਤ ਵਧਾਈ ਦਿੰਦਾ ਹਾਂ ਜਿਨ੍ਹਾਂ ਦੀ ਯਫ਼ਗ ਅਗਵਾਈ ਵਿੱਚ 11 ਵੀਂ ਪੰਜ ਸਾਲਾ ਯਫ਼ਜਨਾ ਦ ਰਾਨ ਰਾਜ ਨੇ 5.9 ਫੀਸਦੀ ਟੀਚੇ ਵਿਰੁੱਧ 6.73 ਫੀਸਦੀ ਵਿਕਾਸ ਦੀ ਅ ਸਤ ਦਰ ਹਾਸਲ ਕੀਤੀ ਹੈ। ਸਾਲ 2●12-13 ਦ ਰਾਨ ਦੇ ਦੀ ਵਿਕਾਸ ਦਰ 5 ਫੀਸਦੀ ਰਹਿਣ ਦੀ ਸੰਭਾਵਨਾ ਹੈ ਜਦ ਕਿ ਪੰਜਾਬ ਦੀ 5.19 ਫੀਸਦੀ ਰਹਿਣ ਦੀ ਸੰਭਾਵਨਾ ਹੈ ਭਾਵ ਕਿ ਇਹ ਹਿੰਦੁਸਤਾਨ ਤਫ਼ਂ ਵੱਧ ਹੈ। ਸਾਲ 2●11-12 ਵਿੱਚ ਮ ਜੂਦਾ ਕੀਮਤਾਂ ਤੇ ਰਾਜ ਦਾ ਕੁੱਲ ਘਰੇਲੂ ਉਤਪਾਦ ਤਕਰੀਬਨ 26● ਕਰਫ਼ੜ ਰੁਪਏ ਤਫ਼ਂ ਵੱਧ ਕੇ ਸਾਲ 2●12-13 ਵਿੱਚ 296 ਕਰਫ਼ੜ ਹਫ਼ਣ ਦੀ ਵੀ ਸੰਭਾਵਨਾ ਸੀ ਜਫ਼ ਕਿ 14.19 ਫੀਸਦੀ ਵਿਕਾਸ ਦਰ ਦਰਸਾਉਂਦਾ ਹੈ। ਇਹ ਸਰਕਾਰ ਵਾਸਤੇ ਬਹੁਤ ਵੱਡੀ ਖੁ ੀ ਦੀ ਗੱਲ ਹੈ। ਬਾਕੀ ਰਾਜ ਸਰਕਾਰ ਕੋਲ ਰੈਵੀਨਿਊ ਆਇਆ, ਕਰ ਮਾਲੀਆ ਆਇਆ, ਉਸ ਨਾਲ ਜਿਵੇਂ ਵਿੱਤ ਮੰਤਰੀ ਜੀ ਨੇ ਦੱਸਿਆ ਕਿ ਪਿਛਲੇ ਛੇ ਸਾਲਾਂ ਦੌਰਾਨ ਰਾਜ ਦੀ ਆਮਦਨ ਵਿੱਚ ਬਹੁਤ ਵੱਡਾ ਵਾਧਾ ਹੋਇਆ ਹੈ ਜੋ ਕਿ ਪਿਛਲੇ 6● ਸਾਲਾਂ ਤੋਂ ਕਿਤੇ ਵੱਧ ਹੈ। ਇਹ ਵੀ ਪੰਜਾਬ ਵਾਸਤੇ ਬਹੁਤ ਮਾਣ ਦੀ ਗੱਲ ਹੈ। ਆਮ ਤੌਰ ਤੇਵੈਟ, ਸਟੈਂਪ ਡਿਊਟੀ ਤੇ ਰਜਿਸਟ੍ਰੇ ਨ, ਆਬਕਾਰੀ ਅਤੇ ਗੱਡੀਆਂ ਦੇ ਕਰ ਹੀ ਰਾਜ ਦੀ ਆਮਦਨ ਦਾ

ਮੁੱਖ ਸਾਧਨ ਹਨ। ਇੱਥੋਂ ਹੀ ਰਾਜ ਆਮਦਨ ਆਉਂਦੀ ਹੈ। ਸਾਲ 2●●2-2●●3 ਤੋਂ ਸਾਲ 2●●6-2●●7 ਦੇ ਸਮੇਂ ਦੌਰਾਨ ਇਸ ਦੀ 13.77 ਫੀਸਦੀ ਔਸਤ ਵਿਕਾਸ ਦਰ ਸੀ। ਇਸ ਦੇ ਮੁਕਾਬਲੇ ਸਾਲ 2●●7-12 ਦੇ ਸਮੇਂ ਦੌਰਾਨ ਇਹ ਵੱਧ ਕੇ 16.43 ਫੀਸਦੀ ਹੋ ਗਈ ਹੈ। ਇਹ ਬਹੁਤ ਵੱਡੀ ਵਧਾਈ ਵਾਲੀ ਗੱਲ ਹੈ। ਮਾਨਯੋਗ ਬਾਦਲ ਸਾਹਿਬ, ਢੀਂਡਸਾ ਸਾਹਿਬ ਅਤੇ ਇਸ ਸਰਕਾਰ ਮੈਂ ਵਧਾਈ ਦਿੰਦਾ ਹਾਂ ਕਿ ਇਹ ਖੁ ੀ ਦੀ ਗੱਲ ਹੈ ਕਿ 2●13-14 ਵਿੱਚ ਇਕੱਲੇ ਵੈਟ ਤੋਂ 2●,●●● ਕਰੋੜ ਤੋਂ ਵੱਧ ਆਮਦਨ ਹੋਣ ਦੀ ਸੰਭਾਵਨਾ ਹੈ। ਇਹ ਇਤਿਹਾਸ ਹੈ। ਤੁਸੀਂ ਅੰਕੜੇ ਲੈ ਲਉ । ਪਿਛਲੇ ਪੰਜ ਸਾਲ ਜਦਫ਼ਂ ਕੈਪਟਨ ਸਾਹਿਬ ਦੀ ਸਰਕਾਰ ਰਹੀ, ਉਸ ਵਿੱਚ ਵੈਟ ਵਸੂਲੀ ਤਕਰੀਬਨ 5●●● ਕਰਫ਼ੜ ਰੁਪਏ ਤਫ਼ਂ ਵੀ ਘੱਟ ਸੀ ਤੇ ਇੰਨੇ ਸਮੇਂ ਦ ਰਾਨ 2●,●●● ਕਰਫ਼ੜ ਤੱਕ ਪਹੁੰਚਾਉਣਾ ਇਹ ਮੈਂ ਸਮਝਦਾ ਹਾਂ ਕਿ ਸਭ ਤਫ਼ਂ ਵੱਡੀ ਵਧਾਈ ਜਿਹੜੇ ਇਸ ਡਿਪਾਰਟਮੈਂਟ ਦੇ ਮਨਿਸਟਰ ਹਨ, ਸਾਡੇ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਜੀ ਬਾਦਲ, ਉਨ੍ਹਾਂ ਨੂੰ ਇਹ ਵਧਾਈ ਜਾਂਦੀ ਹੈ। ਰਾਜ ਨੇ ਆਪਣੇ ਕਰ ਮਾਲੀਏ ਨੂੰ ਸਾਲ 2●11-12 ਦੀ 7.27 ਫੀਸਦੀ ਜੀ.ਐਸ.ਡੀ.ਪੀ. ਦੇ ਮੁਕਾਬਲੇ ਸਾਲ 2●12-13 ਵਿੱਚ 8.22 ਫੀਸਦੀ ਕੀਤਾ ਹੈ ਤੇ ਇਹ 2●13-14 ਵਿੱਚ ਵੱਧ ਕੇ 9.24 ਫੀਸਦੀ ਹਫ਼ਣ ਦੀ ਸੰਭਾਵਨਾ ਹੈ। ਇਹ ਬਹੁਤ ਵੱਡੀ ਵਧਾਈ ਵਾਲੀ ਗੱਲ ਹੈ। ਸਾਲ 2●11-12 ਵਿੱਚ ਜਿਹੜੀਆਂ ਵੈਟ ਵਸੂਲੀਆਂ ਹਨ, ਜਫ਼ ਚੁੰਗੀ ਦੇ ਖਾਤਮੇ ਕਰਕੇ ਹਿਰੀ ਸੰਸਥਾਵਾਂ ਨੂੰ ਸਿੱਧੇ ਰੂਪ ਵਿੱਚ ਦਿੱਤੇ ਜਾਂਦੇ ਹਨ, ਉਸ ਤੋਂ ਇਲਾਵਾ ਹਨ।

ਸਪੀਕਰ ਸਾਹਿਬ, ਇਹ ਜਿਹੜਾ ਰੈਵੇਨਿਊ ਵਿੱਚ ਵਾਧਾ ਹੋ ਰਿਹਾ ਹੈ, ਇਹ ਸਰਕਾਰ ਦੀ ਇਮਾਨਦਾਰੀ ਅਤੇ ਦ੍ਰਿੜ ਨਿ ਚੇ ਦਾ ਪ੍ਰਤੀਕ ਹੈ, ਉਸ ਦੀ ਪ੍ਰੋੜ੍ਹਤਾ ਕਰਦਾ ਹੈ ਕਿਉਂਕਿ ਬੇਈਮਾਨੀ ਦੇ ਨਾਲ ਕਦੇ ਆਮਦਨ ਨਹੀਂ ਵਧ ਸਕਦੀ। ਇਹ ਇਮਾਨਦਾਰੀ ਅਤੇ ਸਰਕਾਰ ਦੀ ਵਿਲ ਪਾਵਰ ਹੈ ਕਿ ਇਹ ਕਰਨਾ ਹੈ ਅਤੇ ਇਸ ਕਰਕੇ ਇਹ ਹੋ ਰਿਹਾ ਹੈ। ਸਾਲ 2●11-12 ਵਿਚ 11,172 ਕਰੋੜ ਰੁਪਏ ਦੀਆਂ ਵੈਟ ਦੇ ਮੁਕਾਬਲੇ ਸਾਲ 2●12-13 ਵਿੱਚ 14,9●● ਕਰੋੜ ਰੁਪਏ ਦੀਆਂ ਹੋ ਜਾਣੀਆਂ ਹਨ। ਇਹ 33.37 ਪ੍ਰਤੀ ਤ ਦਾ ਵਾਧਾ ਹੋ ਜਾਣ ਦੀ ਸੰਭਾਵਨਾ ਹੈ। ਇਸ ਦੀ ਵੀ ਮਾਨਯੋਗ ਉਪ ਮੁੱਖ ਮੰਤਰੀ ਜੀ ਵਧਾਈ ਜਾਂਦੀ ਹੈ। ਬਾਕੀ ਵਿਆਜ ਅਦਾਇਗੀਆਂ ਜਿਹੜੀਆਂ ਹਨ, ਸਾ ਸਾਰਿਆਂ ਪਤਾ ਹੈ ਕਿ ਕੇਂਦਰ ਵੱਲੋਂ ਰਾਜਾਂ ਬਣਦੀ ਸਹਾਇਤਾ ਨਹੀਂ ਦਿੱਤੀ ਜਾਂਦੀ, ਜਿਸ ਕਰਕੇ ਬਹੁਤ ਵੱਡੇ ਕਰੇ ਲੈਣ ਵਾਸਤੇ ਸਟੇਟਾਂ ਮਜਬੂਰ ਹੋਣਾ ਪੈਂਦਾ ਹੈ। ਉਸ ਦੇ ਬਾਵਜੂਦ ਵੀ ਰਾਜ ਦੇ ਮਾਲੀਆ ਦੀ ਪ੍ਰਾਪਤੀ ਦੀ ਫੀਸਦ ਵਜੋਂ ਸਾਲ 2●11-12 ਵਿੱਚ ਵਿਆਜ ਦੀ ਅਦਾਇਗੀ 23.94 ਫੀਸਦੀ ਸੀ ਅਤੇ ਸਾਲ 2●12-13 ਵਿੱਚ ਇਹ ਘੱਟ ਕੇ 17.79 ਫੀਸਦੀ ਹੋ ਜਾਣ ਦੀ ਪੂਰੀ ਸੰਭਾਵਨਾ ਹੈ। ਇਹ ਇਸ ਦਿ ਾ ਵਿੱਚ ਬਹੁਤ ਵੱਡਾ ਸੁਧਾਰ ਹੈ। ਇਸ ਦਾ ਮਤਲਬ ਹੈ ਕਿ ਦ ਣਦਾਰੀਆਂ ਘਟੀਆਂ ਹਨ। ਸਰਕਾਰ ਦੀ ਪੁ ੀ ਨ ਅੱਗੇ ਨਾਲੋਂ ਸਹੀ ਹੋਈ ਹੈ ਅਤੇ ਕਰੇ ਘੱਟ ਲੈਣੇ ਪਏ ਹਨ। ਇਸ ਦੌਰਾਨ ਬਿਜਲੀ ਦੀਆਂ ਰਿਆਇਤਾਂ ਦਿੱਤੀਆਂ ਗਈਆਂ ਹਨ।

[ਉਦਯੋਗ ਤੇ ਵਣਜ ਮੰਤਰੀ]

ਇਹ ਸਭ ਪਤਾ ਹੈ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਪਰ ਖੇਤੀ ਦੀਆਂ ਲਾਗਤਾਂ ਵੱਧ ਜਾਣ ਕਰਕੇ ਕਿਸਾਨ ਦੀ ਹਾਲਤ ਧਿਆਨ ਵਿੱਚ ਰੱਖਦੇ ਹੋਏ ਸਾਡੀ ਸਰਕਾਰ ਵੱਲੋਂ 1● ਲੱਖ ਕਿਸਾਨ ਪਰਿਵਾਰਾਂ ਟਿਊਬਵੈਲਾਂ ਲਈ ਮੁੰਤ ਬਿਜਲੀ ਪ੍ਰੋਵਾਈਡ ਕਰਵਾਈ ਜਾ ਰਹੀ ਹੈ। ਇਸ ਤੋਂ ਇਲਾਵਾ 5 ਲੱਖ ਬੀ.ਪੀ.ਐਲ. ਅਤੇ 18 ਲੱਖ ਅਨੁਸੂਚਿਤ ਜਾਤੀ ਪਰਿਵਾਰਾਂ 2●● ਯੂਨਿਟ ਬਿਜਲੀ ਮੁੰਤ ਦਿੱਤੀ ਜਾ ਰਹੀ ਹੈ। ਇਸ ਮੰਤਵ ਲਈ ਸਰਕਾਰ ਨੇ 2●13-14 ਲਈ 5,785 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਹੈ। ਇਥੋਂ ਸਾਬਤ ਹੁੰਦਾ ਹੈ ਕਿ ਸਰਕਾਰ ਸਾਰਿਆਂ ਦੀ ਭਲਾਈ ਲਈ ਵਚਨਬੱਧ ਹੈ। ਜਿਹੜੇ ਵਿਕਾਸ ਖਰਚੇ ਕੀਤੇ ਜਾ ਰਹੇ ਹਨ, ਉਹ ਵੀ ਇਤਿਹਾਸਕ ਹਨ। ਸਮਾਜਿਕ ਖੇਤਰ ਦੀਆਂ ਸੇਵਾਵਾਂ ਜਿਵੇਂ ਖੇਡਾਂ, ਸਿੱਖਿਆ, ਮੈਡੀਕਲ ਅਤੇ ਜਨ ਸਿਹਤ, ਪਰਿਵਾਰ ਭਲਾਈ, ਜਲ ਸਪਲਾਈ, ਮਕਾਨ ਉਸਾਰੀ, ਹਿਰੀ ਵਿਕਾਸ ਆਦਿ ਅਤੇ ਆਰਥਿਕ ਖੇਤਰ ਦੀਆਂ ਸੇਵਾਵਾਂ ਜਿਵੇਂ ਖੇਤੀਬਾੜੀ, ਪੇਂਡੂ ਵਿਕਾਸ, ਸਿੰਜਾਈ, ਹੜ੍ਹ ਕੰਟਰੋਲ, ਊਰਜਾ, ਉਦਯੋਗ ਆਦਿ ਵਾਸਤੇ ਸੂਬੇ ਵਾਸਤੇ ਬਹੁਤ ਰੂਰੀ ਹੁੰਦਾ ਹੈ ਕਿ ਇਨ੍ਹਾਂ ਦੇ ਉੱਤੇ ਖਰਚੇ ਕੀਤੇ ਜਾਣ, ਇਨ੍ਹਾਂ ਵਿੱਚ ਸੁਧਾਰ ਹੋਵੇ ਅਤੇ ਉਦਯੋਗ ਹੋਰ ਲੱਗਣ। ਜਿਹੜਾ ਕੁੱਲ ਖਰਚ ਦਾ ਇਨ੍ਹਾਂ ਸੇਵਾਵਾਂ ਵਾਸਤੇ ਫੀਸਦ ਹੈ, ਉਹ 2●●7-●8 ਵਿੱਚ 47 ਫੀਸਦੀ ਸੀ ਜਿਸ ਸਾਲ 2●12-13 ਵਿੱਚ 58.75 ਫੀਸਦੀ ਕਰਨ ਦੀ ਸੰਭਾਵਨਾ ਹੈ ਜੋ ਸਰਕਾਰ ਵੱਲੋਂ ਲੋਕ ਭਲਾਈ ਦੀ ਵਚਨਬੱਧਤਾ ਦਰਸਾਉਂਦਾ ਹੈ। ਇਸ ਤਰ੍ਹਾਂ ਕਰਮਚਾਰੀਆਂ ਅਤੇ ਪੈਨ ਨਰਾਂ ਦੀ ਭਲਾਈ ਵਾਸਤੇ ਪੰਜਵੇਂ ਤਨਖਾਹ ਕਮਿ ਨ ਦੀਆਂ ਸਿਫਾਰ ਾਂ ਤੋਂ ਵੀ ਵੱਧ ਕੇ ਤਨ ਾਹਾਂ ਦਿੱਤੀਆਂ ਜਾ ਰਹੀਆਂ ਹਨ। ਤਨਖਾਹ ਕਮਿ ਨ ਦੀਆਂ ਸਿਫਾਰ ਾਂ ਉਪਰੰਤ ਕਰਮਚਾਰੀਆਂ ਸੋਧੇ ਤਨਖਾਹ ਸਕੇਲਾਂ ਦੇ ਏਰੀਅਰ ਦੀ ਕਾਂ ੀ ਿਆਦਾ ਅਦਾਇਗੀ ਕੀਤੀ ਜਾ ਚੁੱਕੀ ਹੈ। ਸਰਕਾਰ ਮੁਲਾ ਮਾਂ ਦੀ ਭਲਾਈ ਲਈ ਹਮੇ ਾ ਤਤਪਰ ਰਹੀ ਹੈ ਅਤੇ ਰਹੇਗੀ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਖ ਾਨਿਆਂ ਦੀ ਜਿਹੜੀ ਕੰਪਿਊਟਰਾਈ ਨ ਕੀਤੀ ਹੈ, ਇਸ ਵਾਸਤੇ ਮੈਂ ਵਿੱਤ ਮੰਤਰੀ ਜੀ ਬਹੁਤ ਬਹੁਤ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਰਾਜ ਦੇ ਖ ਨਿਆਂ ਵਿੱਚ ਆਈ.ਐਫ.ਐਮ. ਸਿਸਟਮ ਲਾਗੂ ਕੀਤਾ ਹੈ, ਜਿਸ ਨਾਲ ਵਿੱਤ ਵਿਭਾਗ ਦੀ ਸਮੁੱਚੀ ਕਾਰਜ ਪ੍ਰਣਾਲੀ ਵਿੱਚ ਬਹੁਤ ਵੱਡਾ ਸੁਧਾਰ ਹੋਵੇਗਾ। ਇਸ ਤੋਂ ਇਲਾਵਾ ਇਲੈਕਟ੍ਰੋਨਿਕ ਕਲੀਅਰਿੰਗ ਸਿਸਟਮ ਚਾਲੂ ਕੀਤਾ ਜਾ ਰਿਹਾ ਹੈ, ਜਿਸ ਨਾਲ ਖ ਾਨਿਆਂ ਵੱਲੋਂ ਭਵਿੱਖ ਵਿੱਚ ਚੈੱਕ ਜਾਰੀ ਕਰਨ ਦੀ ਥਾਂ ਪੈਸਾ ਸਿੱਧਾ ਸਬੰਧਿਤਾਂ ਦੇ ਖਾਤੇ ਵਿੱਚ ਚਲਾ ਜਾਵੇਗਾ ਇਸ ਨਾਲ ਇਕ ਤਾਂ ਜਿਹੜਾ ਟਾਈਮ ਲਗਦਾ ਹੈ, ਉਹ ਵੀ ਬਚੇਗਾ ਅਤੇ ਦੂਜਾ ਕਾਗ ਾਂ ਦਾ ਰਚਾ ਵੀ ਬਚੇਗਾ। ਭਵਿੱਖ ਵਾਸਤੇ ਬਹੁਤ ਸੌਖਾ ਅਤੇ ਟਰਾਂਸਪੇਰੈਂਟ ਸਿਸਟਮ ਦੇਣ ਦਾ ਵਿੱਤ ਮੰਤਰੀ ਜੀ ਨੇ ਬਹੁਤ ਲਾਘਾਯੋਗ ਕਦਮ ਪੁੱਟਿਆ ਹੈ। ਇਸੇ ਤਰ੍ਹਾਂ ਯੋਜਨਾ ਤਜਵੀ ਾਂ ਹਨ। ਰਾਜ ਦੀ ਸਾਲ 2●12-13 ਦੀ ਸਲਾਨਾ ਯੋਜਨਾ 14●●● ਕਰੋੜ

ਰੁਪਏ ਤੋਂ ਵਧਾ ਦੇ ਸਾਲ 2●13-14 ਲਈ 16123 ਕਰੋੜ ਰੁਪਏ ਦੀ ਰੱਖੀ ਗਈ ਹੈ ਜੋ ਕਿ 15% ਦਾ ਵਾਧਾ ਦਰਸਾਉਂਦੀ ਹੈ। ਇਸੇ ਤਰ੍ਹਾਂ ਯੋਜਨਾ, ਬਿਜਲੀ, ਸੜਕਾਂ, ਪੇਂਡੂ ਜਲ ਸਪਲਾਈ, ਸੀਵਰੇ ਆਦਿ ਤੇ ਮਾਨਯੋਗ ਮਾਨਯੋਗ ਮੁੱਖ ਮੰਤਰੀ ਜੀ ਦਾ ਪੂਰਾ ੋਰ ਹੈ ਤਾਂ ਕਿ ਆਉਣ ਵਾਲੇ ਸਮੇਂ ਦੀਆਂ ਮੁੱਖ ਲੋੜਾਂ ਪੂਰੀਆਂ ਹੋ ਸਕਣ। ਇਸੇ ਤਰ੍ਹਾਂ ਖੇਤੀਬਾੜੀ, ਪੇਂਡੂ ਵਿਕਾਸ, ਭੂਮੀ ਅਤੇ ਜਲ ਸੰਭਾਲ, ਪ੍ਰੂ ਧਨ, ਸਿੰਜਾਈ, ਸਿੱਖਿਆ, ਬਿਜਲੀ, ਉਦਯੋਗ, ਇਨ੍ਹਾਂ ਸਾਰਿਆਂ ਵੱਲ ਖਾਸ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਫੰਡ ਰੱਖੇ ਗਏ ਹਨ। ਮਾਨਯੋਗ ਸਪੀਕਰ ਸਾਹਿਬ, ਬਿਜਲੀ ਕਿਸੇ ਵੀ ਸਟੇਟ ਦੀ ਸਭ ਤੋਂ ਵੱਡੀ ਰੂਰਤ ਹੈ, ਜਿਸ ਨਾਲ ਉਦਯੋਗ ਲੱਗਣੇ ਹੁੰਦੇ ਹਨ, ਜਿਸ ਨਾਲ ਬਾਕੀ ਸਾਰਾ ਸਿਸਟਮ ਚੱਲਣਾ ਹੈ। ਸਰਕਾਰ ਵੱਲੋਂ ਬਿਜਲੀ ਉਤਪਾਦਨ ਵਿੱਚ ਆਪਣੇ ਪੈਰਾਂ ਤੇ ਖੜ੍ਹੇ ਹੋਣ ਵੱਲ ਵਿ ਧਿਆਨ ਦਿੱਤਾ ਗਿਆ ਹੈ। ਤਲਵੰਡੀ ਸਾਬੋ ਵਿੱਚ 198● ਮੈਗਾਵਾਟ ਗੋਇੰਦਵਾਲ ਸਾਹਿਬ ਵਿੱਚ 54● ਮੈਗਾਵਾਟ ਅਤੇ ਰਾਜਪੁਰਾ ਵਿੱਚ 14●● ਮੈਗਾਵਾਟ ਦੇ ਥਰਮਲ ਪਲਾਂਟ ਸਥਾਪਤ ਕੀਤੇ ਜਾ ਰਹੇ ਹਨ। ਪੂਰੀ ਸਪੀਡ ਨਾਲ ਇਨ੍ਹਾਂ ਵਿੱਚ ਕੰਮ ਚੱਲ ਰਿਹਾ ਹੈ। ਇਹ ਯੂਨਿਟ ਮਈ, 2●14 ਤੱਕ ਕੰਮ ਕਰਨਾ ਰੂ ਕਰ ਦੇਣਗੇ ਅਤੇ ਪੰਜਾਬ ਬਿਜਲੀ ਸਰਪਲੱਸ ਸੂਬਾ ਬਣ ਜਾਵੇਗਾ। ਇਸ ਹੰਭਲੇ ਲਈ ਮਾਨਯੋਗ ਮੁੱਖ ਮੱਤਰੀ ਜੀ ਅਤੇ ਉਪ ਮੁੱਖ ਮੰਤਰੀ ਜੀ ਵਧਾਈ ਦੇ ਪਾਤਰ ਹਨ । ਇਸੇ ਸੰਦਰਭ ਵਿੱਚ ਸਾਲ 2●13-14 ਵਿੱਚ ਕੁੱਲ ਯੋਜਨਾ ਦਾ 2●% ਭਾਵ 32●9 ਕਰੋੜ ਰੁਪਏ ਪਾਵਰ ਵਾਸਤੇ ਰੱਖੇ ਗਏ ਹਨ।

ਮਾਨਯੋਗ ਸਪੀਕਰ ਸਾਹਿਬ, ਮੈਂ ਗੁਰੂ ਕੀ ਨਗਰੀ ਤੋਂ ਚੁਣ ਕੇ ਆਇਆ ਹਾਂ। ਉਹ ਹੀਦਾਂ ਦੀ ਅਤੇ ਗੁਰੂ ਸਾਹਿਬਾਨ ਦੀ ਬਹੁਤ ਪਵਿੱਤਰ ਧਰਤੀ ਹੈ। ਉਸ ਹਿਰ ਦੀਆਂ ਵਿਰਾਸਤੀ ਸੰਸਥਾਵਾਂ ਦੇ ਨਵੀਨੀਕਰਨ ਲਈ ਇਸ ਵਾਰ 3● ਕਰੋੜ ਰੁਪਏ ਰੱਖੇ ਗਏ ਹਨ। ਇਸ ਦੇ ਨਾਲ ਹੀ ਅੰਮ੍ਰਿਤਸਰ ਵਿਚ ਭਗਵਾਨ ਬਾਲਮੀਕੀ ਜੀ ਦਾ ਮੈਮੋਰੀਅਲ ਬਣਾਉਣ ਅਤੇ ਕਰਤਾਰਪੁਰ ਵਿਖੇ ਸਵਾਮੀ ਗਿਰਜਾ ਨੰਦ ਜੀ ਦੇ ਮੈਮੋਰੀਅਲ ਦੀ ਉਸਾਰੀ ਬਾਰੇ ਵੀ ਸਰਕਾਰ ਨੇ ਆਪਣੀ ਵਚਨਬੱਧਤਾ ਦੁਹਰਾਈ ਹੈ। ਇਸ ਤੋਂ ਇਲਾਵਾ ਪੰਜਾਬ ਦੇ ਹੀਦਾਂ ਯੋਧਿਆਂ ਦੇ ਸਨਮਾਨ ਲਈ ਅੰਮ੍ਰਿਤਸਰ ਵਿਚ 1● ਕਰੋੜ ਰੁਪਏ ਦੀ ਲਾਗਤ ਨਾਲ ਵਿ ਵ ਪੱਧਰੀ ਜੰਗੀ ਸਮਾਰਕ ਸਥਾਪਤ ਕੀਤਾ ਜਾ ਰਿਹਾ ਹੈ ਜਿਸ ਦੇ ਲਈ ਪੰਜ ਕਰੋੜ ਰੁਪਏ ਦੇ ਬਜਟ ਦਾ ਉਪਬੰਧ ਇਸ ਵਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਵੱਡਾ ਕਦਮ, ਮਾਨਯੋਗ ਸੀ.ਐਮ. ਸਾਹਿਬ ਜਿਸ ਵਾਸਤੇ ਬਹੁਤ ਚਿੰਤਤ ਹਨ, ਉਹ ਇਹ ਹੈ ਕਿ ਪੰਜਾਬ ਵਿਚ ਕੈਂਸਰ ਦੇ ਬਹੁਤ ਿਆਦਾ ਕੇਸ ਵੱਧ ਰਹੇ ਹਨ। ਇਸ ਨਾ-ਮੁਰਾਦ ਬਿਮਾਰੀ ਵਾਸਤੇ ਸਰਕਾਰ ਬਹੁਤ ਚਿੰਤਤ ਹੈ ਤੇ ਖਾਸ ਕਰਕੇ ਮੁੱਖ ਮੰਤਰੀ, ਸਰਦਾਰ ਪਰਕਾ ਸਿੰਘ ਬਾਦਲ ਜੀ ਬਹੁਤ ਚਿੰਤਤ ਹਨ ਪਿਛਲੇ ਪੰਜ ਸਾਲ ਦੇ ਸਮੇਂ ਦੌਰਾਨ 1.5 ਲੱਖ ਰੁਪਿਆ ਇੱਕ ਪੈ ੇਂਟ ਲਈ ਰੱਖਿਆ ਗਿਆ ਸੀ।

[ਉਦਯੋਗ ਤੇ ਵਣਜ ਮੰਤਰੀ]

*11.46 ਵਜੇ ਪੂਰਵ ਦੁਪਹਿਰ,

(ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਕਾਫੀ ਪੈ ੈਂਟ ਇਸ ਨਾਲ ਲਾਭ ਲੈ ਚੁੱਕੇ ਹਨ। ਜਿਹੜਾ ਐਤਕੀਂ ਫੈਸਲਾ ਕੀਤਾ ਗਿਆ ਹੈ ਉਹ ਬਹੁਤ ਲਾਘਾਯੋਗ ਹੈ। ਇਸਦੀ ਮੌਜੂਦਾ ਸਮੇਂ ਵਿੱਚ ਬਹੁਤ ਰੂਰਤ ਸੀ ਅਤੇ ਜਿਸ ਨੂੰ ਮਾਨਯੋਗ ਮੁੱਖ ਮੰਤਰੀ ਜੀ ਨੇ ਪਛਾਣਿਆ ਹੈ। 300 ਕਰੋੜ ਰੁਪਏ ਦੀ ਲਾਗਤ ਨਾਲ ਅੰਮ੍ਰਿਤਸਰ, ਪਟਿਆਲਾ, ਫਰੀਦਕੋਟ ਵਿਖੇ ਮੈਡੀਕਲ ਕਾਲਜਾਂ ਵਿੱਚ ਸੰਗਰੂਰ ਤੇ ਬਠਿੰਡਾ ਦੇ ਦੋ ਿ ਲ੍ਹਾ ਸਦਰ ਮੁਕਾਮਾਂ ਵਿਖੇ ਅਤਿ ਆਧੁਨਿਕ ਇਲਾਜ ਦੀਆਂ ਸੁਵਿਧਾਵਾਂ ਕੈਂਸਰ ਦੀ ਬਿਮਾਰੀ ਵਾਸਤੇ ਉਪਲਬਧ ਕਰਵਾਉਣ ਦਾ ਕਦਮ ਪੁੱਟਿਆ ਹੈ। ਸਿਗਰਟਾਂ ਉਤੇ ਵੈਟ 20.5% ਤੋਂ ਵਧਾ ਕੇ 50% ਕੀਤਾ ਗਿਆ ਹੈ, ਅਸੀਂ ਤਾਂ ਚਾਹੁੰਦੇ ਸੀ ਕਿ ਇਸ ਨੂੰ ਬੇ ੱਕ ਹੋਰ ਵਧਾ ਦਿੱਤਾ ਜਾਵੇ ਕਿਉਂਕਿ ਸਿਗਰਟ ਅਤੇ ਤੰਬਾਕੂ ਵਰਤ ਕੇ ਲੋਕਾਂ ਨੂੰ ਕੈਂਸਰ ਦੀ ਬਿਮਾਰੀ ਲੱਗਣੀ ਹੈ, ਇਸ ਆਦਤ ਤੋਂ ਹਟਾਉਣ ਲਈ ਇਹ ਜਿਹੜਾ ਵੈਟ ਵਧਾਇਆ ਹੈ, ਇਹ ਕੈਂਸਰ ਦੇ ਇਲਾਜ ਲਈ ਜਾਣਾ ਹੈ ਅਤੇ ਇਸ ਨਾਲ ਕੈਂਸਰ ਦੇ ਮਰੀ ਾਂ ਦਾ ਇਲਾਜ ਹੋਣਾ ਹੈ। ਮੈਂ ਕਹਿੰਦਾ ਹਾਂ ਕਿ ਜੇਕਰ ਇਸ ਮਹਿੰਗਾਈ ਨੂੰ ਦੇਖਦੇ ਹੋਏ ਲੋਕ ਤੰਬਾਕੂ ਵਰਤਣਾ ਛੱਡ ਦ ਣ ਤਾਂ ਇੱਕ ਤਾਂ ਉਹ ਕੈਂਸਰ ਦੀ ਬਿਮਾਰੀ ਤੋਂ ਬਚ ਜਾਣਗੇ ਦੂਜਾ, ਇਹ ਪੈਸਾ ਜਿਹੜਾ ਕੈਂਸਰ ਵਾਸਤੇ ਜਾਵੇਗਾ ਉਸ ਨਾਲ ਕੈਂਸਰ ਦੇ ਪੈ ੈਂਟਸ ਦਾ ਇਲਾਜ ਹੋਵੇਗਾ ਤੇ ਉਹ ਬਚ ਜਾਣਗੇ, ਇਹ ਇਕ ਬਹੁਤ ਦੂਰਅੰਦੇ ੀ ਵਾਲਾ ਕਦਮ ਉਠਾਇਆ ਗਿਆ ਹੈ। ਇਸੇ ਤਰ੍ਹਾਂ ਪੰਜਾਬ ਦੇ ਵਿੱਚ ਨ ਾ ਛੁਡਾਉਣ ਵਾਸਤੇ ਉਪਰਾਲੇ ਕੀਤੇ ਜਾ ਰਹੇ ਹਨ। ਸਰਹੱਦੀ ਸੂਬਿਆਂ ਵਿੱਚ ਪਾਕਿਸਤਾਨ ਦੀਆਂ ਮਾੜੀਆਂ ਹਰਕਤਾਂ ਕਾਰਨ ਨ ਾ ਸਰਹੱਦੋਂ ਪਾਰ ਤੋਂ ਆ ਰਿਹਾ ਹੈ, ਜਿਸ ਨਾਲ ਨ ਜਵਾਨ ਵਰਗ ਉਸ ਵਹਿਣ ਵਿਚ ਵਹਿ ਰਿਹਾ ਹੈ, ਉਸ ਵਾਸਤੇ ਬਹੁਤ ਪ੍ਰਭਾਵੀ ਨ ਾ ਛੁਡਾਊ ਕੇਂਦਰ_ਰੂ ਕੀਤੇ ਗਏ ਹਨ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਤਕਨੀਕੀ ਸਿੱਖਿਆ ਦਾ ਵਿਭਾਗ ਮੇਰੇ ਕੋਲ ਹੈ, ਸਾਲ 2013-14 ਦੌਰਾਨ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੀਆਂ ਮੁੱਖ ਸਕੀਮਾਂ ਜਿਨ੍ਹਾਂ ਵਿਚ ਤਕਨੀਕੀ ਸਿੱਖਿਆ ਦੀ ਕੁਆਲਿਟੀ ਦੇ ਸੁਧਾਰ ਲਈ 50 ਕਰੋੜ ਰੁਪਏ ਅਤੇ ਪੇਂਡੂ ਖੇਤਰਾਂ ਵਿਚ ਤਕਨੀਕੀ ਸਿੱਖਿਆ ਸੰਸਥਾਵਾਂ ਦੀ ਅਪਗ੍ਰੇਡੇ ਨ ਲਈ 9 ਕਰੋੜ, ਹੁਪਏ, ਉਦਯੋਗਿਕ ਸਿਖਲਾਈ ਸੰਸਥਾਵਾਂ ਦੀ ਅਪਗ੍ਰੇਡੇ ਨ ਲਈ 20 ਕਰੋੜ ਰੁਪਏ, ਸਿਖਲਾਈ ਸੰਸਥਾਵਾਂ ਨੂੰ ਸੈਂਟਰ ਆਫ ਐਕਸੀਲੈਂਸ ਵਿਚ ਅਪਗ੍ਰੇਡ ਕਰਨ ਲਈ 28 ਕਰੋੜ, ਪੀ.ਪੀ.ਪੀ. ਅਧੀਨ ਇੰਡੀਅਨ ਇੰਸਟੀਚਿਊਟ ਆੱ ਇਨਫਰਮੇ ਨ ਟੈਕਨਾਲੋਜੀ ਦੀ ਸਥਾਪਨਾ ਲਈ 13 ਕਰੋੜ ਰੁਪਏ ਦੇ ਫੰਡ ਰੱਖੇ ਗਏ ਹਨ ਜਿਸ ਵਾਸਤੇ ਵਿੱਤ ਮੰਤਰੀ ਸਾਹਿਬ ਦਾ ਬਹੁਤ ਧੰਨਵਾਦੀ ਹਾਂ। ਇਸ ਤੋਂ ਇਲਾਵਾ ਸਰਕਾਰੀ ਆਈ.ਟੀ.ਆਈ ਦੇ ਵਿਚ

ਲੜਕੀਆਂ ਨੂੰ ਮੁੰਤ ਸਿੱਖਿਆ ਦੇਣ ਲਈ ਕੀਤਾ ਗਿਆ ਫੈਸਲਾ ਬਹੁਤ ਹੀ ਲਾਘਾਯੋਗ ਹੈ ਜੋ ਕਿ ਮਾਨਯੋਗ ਸੀ.ਐਮ. ਸਾਹਿਬ ਨੇ ਉਠਾਇਆ ਹੈ। ਅਜਿਹੇ ਕਦਮ ਨਾਲ ਜਿਹੜੀਆਂ ਸਾਡੀਆਂ ਭੈਣਾਂ ਹਨ, ਧੀਆਂ ਹਨ ਉਨ੍ਹਾਂ ਦਾ ਮਾਣ, ਸਤਿਕਾਰ ਤੇ ਉਨ੍ਹਾਂ ਦਾ ਖਿਆਲ ਰੱਖਣ ਦਾ ਵਚਨ ਸਰਕਾਰ ਦੁਹਰਾਉਂਦੀ ਹੈ।

ਇਸ ਦੇ ਨਾਲ ਹੀ ਸਰਕਾਰ ਵੱਲੋਂ ਸਾਲ 2●13-14 ਵਿਚ ਸੜਕਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ 42●● ਕਰੋੜ ਰੁਪਏ ਦੀ ਬਹੁਤ ਵੱਡੀ ਰਾ ੀ ਰੱਖੀ ਗਈ ਹੈ। ਪਿਛਲੇ ਪੰਜ ਸਾਲਾਂ ਵਿਚ ਵੀ ਸਭ ਨੇ ਵੇਖਿਆ ਹੈ, ਸਾਰੇ ਪੰਜਾਬ ਨੇ ਵੇਖਿਆ ਹੈ ਕਿ ਸਰਕਾਰ ਵੱਲੋਂ ਸੜਕਾਂ ਦਾ ਮਿਆਰ ਕਿੰਨਾ ਉਚਾ ਚੁੱਕਿਆ ਗਿਆ ਹੈ। ਐਤਕੀਂ ਇਸ ਵਾਸਤੇ ਇੰਨੀ ਵੱਡੀ ਰਕਮ ਰੱਖੀ ਗਈ ਹੈ ਕਿ ਪੰਜਾਬ ਜਿਹੜਾ ਹੈ ਉਹ ਇਨਫ੍ਰਾਸਟ੍ਰਕਚਰ ਦਾ ਵਿਕਾਸ ਕਰਨ ਵਿੱਚ ਹਿੰਦੁਸਤਾਨ ਵਿਚ ਪਹਿਲਾਂ ਵੀ ਇੱਕ ਨੰਬਰ ਦੇ ਉੱਤੇ ਹੈ ਅਤੇ ਹੁਣ ਵੀ ਇਹ ਟਾਪ ਤੇ ਰਹੇਗਾ।

ਸੈਰ ਸਪਾਟੇ ਦੇ ਬੁਨਿਆਦੀ ਢਾਂਚੇ ਵਿੱਚ ਵਿਕਾਸ ਲਈ 27 ਕਰੋੜ ਰੁਪਏ ਅਤੇ ਸਮਾਜਿਕ ਸੁਰੱਖਿਆ ਅਧੀਨ ਅਲੱਗ ਅਲੱਗ ਸਕੀਮਾਂ ਲਈ 1118 ਕਰੋੜ ਰੁਪਏ ਰੱਖੇ ਗਏ ਹਨ। ਇਸੇ ਤਰ੍ਹਾਂ ਉਦਯੋਗ ਜਿਹੜਾ ਹੈ ਇਹ ਸਾਡੀ ਅੱਜ ਦੀ ਸਭ ਤੋਂ ਵੱਡੀ ਰੂਰਤ ਹੈ। ਤੁਹਾਨੂੰ ਪਤਾ ਹੀ ਹੈ ਕਿ ਪੰਜਾਬ ਇੱਕ ਐਗਰੀਕਲਚਰ ਸੂਬਾ ਰਿਹਾ ਹੈ ਅਤੇ ਇਸ ਵਕਤ ਐਗਰੀਕਲਚਰ ਸੈਚੂਰੇ ਨ ਪੁਆਇੰਟ ਤੇ ਹੈ। ਪੰਜਾਬ ਦੀ ਤੇ ਪੰਜਾਬੀਆਂ ਦੀ ਇਹ ਵੀ ਬਹੁਤ ਵੱਡੀ ਰਵਾਇਤ ਰਹੀ ਹੈ।

ਮਾਨਯੋਗ ਡਿਪਟੀ ਸਪੀਕਰ: ਜੋ ੀ ਜੀ, ਆਪਣੀ ਸਪੀਚ ਰਾ ਜਲਦੀ ਤਮ ਕਰੋ। ਤੁਹਾਡੇ ਵੀਹ ਮਿੰਟ ਹੋ ਗਏ ਹਨ ।

